ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 1| Jan.-Mar. 2026

ISSN: 2583-9446 (O)
Paper Published Id: ARMN040111
Available online at: www.armaan.org.in
DOI: https://doi.org/10.64119/armaan.vol.4.issue1.11

# ਪੰਜਾਬੀ ਲੋਕ ਕਹਾਣੀਆਂ ਦਾ ਸਭਿਆਚਾਰਕ ਅਧਿਐਨ

## ('ਬਾਤਾਂ ਘੱਗਰ ਦੇਸ ਦੀਆਂ' ਪੁਸਤਕ ਦੇ ਸੰਦਰਭ ਵਿਚ)

# Punjabi Lok Kahanian da sabhiachaarak adhyan

## ('Battan Ghagar Desh Dian' Pustak de Sandrabh Vich)

**ਡਾ. ਗੁਰਧਿਆਨ ਸਿੰਘ (Dr. Gurdhian Singh)**
ਅਸਿਸਟੈਂਟ ਪ੍ਰੋਫੈਸਰ (Assistant Professor)
ਯੂਨੀਵਰਸਿਟੀ ਕਾਲਜ, ਮੂਨਕ (ਪੰਜਾਬ)
Email ID: gurdhiansingh505@gmail.com ਮੋਬਾਈਲ: +91- 94643-42352

*ਸਾਰ (Abstract)*

*ਖੋਜ ਪੇਪਰ ਦਾ ਵਿਸ਼ਾ ਪੰਜਾਬੀ ਲੋਕ ਕਹਾਣੀਆਂ ਦਾ ਸਭਿਆਚਾਰਕ ਅਧਿਐਨ ਹੈ ਜਿਸ ਲਈ ਲੋਕ ਕਹਾਣੀਆਂ ਦੀ ਪੁਸਤਕ 'ਬਾਤਾਂ ਘੱਗਰ ਦੇਸ ਦੀਆਂ' ਨੂੰ ਅਧਾਰ ਬਣਾਇਆ ਗਿਆ ਹੈ। ਇਸ ਪੁਸਤਕ ਵਿਚ 21 (ਇੱਕੀ) ਲੋਕ-ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ ਜੋ ਕਿ ਘੱਗਰ ਦੇ ਇਲਾਕੇ (ਪੁਆਧ) ਨਾਲ ਸੰਬਧਤ ਹਨ। ਪੁਸਤਕ ਵਿਚਲੀਆਂ ਲੋਕ ਕਹਾਣੀਆਂ ਨੂੰ ਖਿੱਤੇ ਦੀ ਬੋਲਚਾਲ ਦੀ ਭਾਸ਼ਾ ਵਿਚ ਹੂ-ਬ-ਹੂ ਦਰਜ਼ ਕੀਤਾ ਗਿਆ ਹੈ। ਖੋਜ-ਪੇਪਰ ਵਿਚ ਪਹਿਲਾਂ ਸਭਿਆਚਾਰ ਤੇ ਸਭਿਆਚਾਰਕ ਅਧਿਐਨ ਵਿਚਲੇ ਅੰਤਰ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ, ਉਪਰੰਤ ਲੋਕ ਕਹਾਣੀ ਨੂੰ ਸਮਝਦੇ ਹੋਏ ਚੁਣੀ ਗਈ ਅਧਾਰ ਪੁਸਤਕ ਦੀਆਂ ਲੋਕ ਕਹਾਣੀਆਂ ਦਾ ਸਭਿਆਚਾਰਕ ਅਧਿਐਨ ਕੀਤਾ ਗਿਆ ਹੈ। ਇਸ ਅਧਿਐਨ ਰਾਹੀਂ ਸੰਬੰਧਤ ਖਿੱਤੇ ਦੇ ਸਭਿਆਚਾਰ ਪਿੱਛੇ ਕਾਰਜ਼ਸ਼ੀਲ ਸਮਾਜਕ ਸੰਰਚਨਾ (ਜਾਤ-ਪਾਤ, ਔਰਤ ਦੀ ਸਥਿਤੀ, ਵਰਗ ਵਿਵਸਥਾ ਆਦਿ), ਨੈਤਿਕ ਤੇ ਸਦਾਚਾਰ ਨਿਯਮਾਂ ਅਤੇ ਸ਼ਕਤੀ ਸੰਬੰਧਾਂ ਦਾ ਵਿਵਹਾਰਕ ਅਧਿਐਨ ਕੀਤਾ ਗਿਆ ਹੈ।*

*ਕੀਵਰਡ (Keyword): ਸਭਿਆਚਾਰ, ਸਭਿਆਚਾਰਕ ਅਧਿਐਨ, ਲੋਕ-ਕਹਾਣੀ, ਸਮਾਜਕ ਸੰਰਚਨਾ, ਨੈਤਿਕ ਤੇ ਸਦਾਚਾਰਕ ਨਿਯਮ, ਸ਼ਕਤੀ ਸੰਬੰਧ।*

ਸਭਿਆਚਾਰ ਦਾ ਸੰਬੰਧ ਮਨੁੱਖ ਦੇ ਸਮੁੱਚੇ ਜੀਵਨ ਢੰਗ ਨਾਲ ਹੈ। ਕਿਸੇ ਖਿੱਤੇ ਵਿਸ਼ੇਸ਼ ਦਾ ਲੋਕ ਸਮੂਹ ਜਿਨ੍ਹਾਂ ਨਿਯਮਾਂ (ਸਦਾਚਾਰੀ, ਨੈਤਿਕ) ਅਨੁਸਾਰ ਆਪਣੇ ਸਮਾਜ ਦਾ ਢਾਂਚਾ ਉਸਾਰਦਾ ਹੈ, ਉਹ ਉਸ ਸਮਾਜ ਵਿਸ਼ੇਸ਼ ਦੇ ਸਭਿਆਚਾਰ ਦੀਆਂ ਬੁਨਿਆਦਾਂ ਹੁੰਦੀਆਂ ਹਨ। ਕਿਸੇ ਖਿੱਤੇ ਵਿਸ਼ੇਸ਼ ਦਾ ਸਭਿਆਚਾਰ ਨੈਤਿਕ ਕਦਰਾਂ-ਕੀਮਤਾਂ, ਮਨੁੱਖੀ ਵਿਹਾਰ ਦੇ ਪੈਟਰਨਾਂ ਤੇ ਬੌਧਿਕ ਵਰਤਾਰੇ ਨੂੰ ਆਪਣੇ ਕਲਾਵੇ ਵਿਚ ਸਮੇਟਦਾ ਹੈ। ਸਭਿਆਚਾਰ ਦੇ ਇਨ੍ਹਾਂ ਪੱਖਾਂ ਦਾ ਵਿਹਾਰਕ ਅਧਿਐਨ ਹੀ ਸਭਿਆਚਾਰਕ ਅਧਿਐਨ ਹੈ। ਸਭਿਆਚਾਰ ਦੇ ਇਨ੍ਹਾਂ ਪੱਖਾਂ ਦੇ ਕੰਮ ਕਰਨ ਦੇ ਤਰੀਕੇ, ਇਨ੍ਹਾਂ ਪਿੱਛੇ ਕਾਰਜ਼ਸ਼ੀਲ ਨਿਯਮ, ਪਿਤਰਕੀ ਸੱਤਾ, ਸ਼ਕਤੀ ਸੰਬੰਧਾਂ ਆਦਿ ਨੂੰ ਸਮਝ ਕੇ ਹੀ ਸਭਿਆਚਾਰਕ ਅਧਿਐਨ ਕੀਤਾ ਜਾ ਸਕਦਾ ਹੈ। ਸਭਿਆਚਾਰਕ ਅਧਿਐਨ ਰਾਹੀਂ ਸਭਿਆਚਾਰ ਪਿੱਛੇ ਕੰਮ ਕਰਦੇ ਸਮਾਜਿਕ-ਰਾਜਨੀਤਕ ਪੱਖਾਂ (Socio-Political Aspect) ਨੂੰ ਪਛਾਣਿਆ ਜਾ ਸਕਦਾ ਹੈ। ਇਨ੍ਹਾਂ ਪੱਖਾਂ ਦੀ ਪਛਾਣ ਲਈ ਸਭਿਆਚਾਰਕ ਅਧਿਐਨ ਅੰਤਰ-ਅਨੁਸ਼ਾਸਨੀ ਪਹੁੰਚ ਨੂੰ ਅਪਣਾਉਂਦਾ ਹੈ। ਇਸ ਅੰਤਰ-ਅਨੁਸ਼ਾਸਨੀ ਪਹੁੰਚ ਦੇ ਤਹਿਤ ਸਭਿਆਚਾਰ ਦਾ ਘੇਰਾ ਵੱਖ-ਵੱਖ ਸਮਾਜਿਕ, ਇਤਿਹਾਸਕ ਤੇ ਰਾਜਨੀਤਕ ਪਹੁੰਚਾ ਨਾਲ ਜਾ ਜੁੜਦਾ ਹੈ।

ਸਭਿਆਚਾਰ ਸਿੱਧੇ ਤੌਰ 'ਤੇ ਉਸਾਰੇ ਗਏ ਕੁਝ ਨਿਯਮਾਂ, ਟੋਟਮ, ਟੈਬੂ ਆਦਿ ਦਾ ਸੰਗ੍ਰਹਿ ਹੀ ਨਹੀਂ ਹੈ ਸਗੋਂ ਸਭਿਆਚਾਰ ਆਪਣੇ ਆਪ ਵਿਚ ਇਕ ਪ੍ਰਵਚਨ (Discourse) ਵੀ ਹੈ, ਜਿਸ ਦੇ ਪਿੱਛੇ ਕਾਰਜਸ਼ੀਲ ਸੰਦਰਭਾਂ ਨੂੰ ਲੱਭਣਾ ਹੀ ਸਭਿਆਚਾਰਕ ਅਧਿਐਨ ਹੈ। ਸਭਿਆਚਾਰ ਦੇ ਖੇਤਰ ਦੀ ਵਿਸ਼ਾਲਤਾ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਦੇ ਉਪਰੋਕਤ ਪੱਖਾਂ ਦਾ ਅਧਿਐਨ ਵਿਸ਼ਲੇਸ਼ਣ ਲੋਕ ਕਹਾਣੀਆਂ ਦੀ ਪੁਸਤਕ 'ਬਾਤਾਂ ਘੱਗਰ ਦੇਸ ਦੀਆਂ' ਨੂੰ ਅਧਾਰ ਬਣਾ ਕੇ ਕੀਤਾ ਗਿਆ ਹੈ ਕਿਉਂਕਿ,

> *"ਲੋਕਧਾਰਾ ਅਰਥਾਂ ਦੇ ਸੰਚਾਰ ਦਾ ਉਹ ਧਰਾਤਲ ਹੈ ਜਿੱਥੇ ਪ੍ਰਵਾਨਗੀ ਤੇ ਪ੍ਰਤਿਰੋਧ ਦਾ ਦੰਗਲ ਹਮੇਸ਼ਾਂ ਗਰਮ ਰਹਿੰਦਾ ਹੈ। ਮਹਾਂਬਿਰਤਾਂਤ ਦਾ ਇਕਹਿਰਾ ਤੇ ਗ਼ਾਲਬ ਪ੍ਰਵਚਨ ਲੋਕ ਬਿਰਤਾਂਤਾਂ ਦੇ ਵੰਨ-ਸੁਵੰਨੇ ਪ੍ਰਵਚਨਾਂ ਤੇ ਲੋਕਾਈ ਦੇ ਵੰਨ-ਸੁਵੰਨੇ ਤਜਰਬਿਆਂ ਦੇ ਮੁਕਾਬਲੇ ਬੜਾ ਹੀ ਬੌਣਾ ਹੁੰਦਾ ਹੈ। ਇਨ੍ਹਾਂ ਵੰਨ-ਸੁਵੰਨੇ ਪ੍ਰਵਚਨ ਤੇ ਤਜਰਬਿਆਂ ਵਿਚ ਲੋਕਾਂ ਦਾ ਨਿਰਛਲ, ਨਿਰਕਪਟ ਤੇ ਨਿਰਵਿਕਾਰੀ ਪਾਰਦਰਸ਼ੀ ਮਨ ਹਾਜ਼ਰ ਹੁੰਦਾ ਹੈ। ਲੋਕ ਸਾਹਿਤ ਦਾ ਨਜ਼ਰੀਆ ਹਕੀਕਤ ਮੂਲਕ ਹੁੰਦਾ ਹੈ।"* [1]

### ਲੋਕ ਕਹਾਣੀਆਂ ਦਾ ਸਭਿਆਚਾਰਕ ਅਧਿਐਨ

ਲੋਕ ਕਹਾਣੀ, ਲੋਕ ਪਿੜ ਦੀ ਘਾੜਤ ਹੈ। ਇਸ ਪਿੱਛੇ ਲੋਕ ਮਾਨਸਿਕਤਾ ਕਾਰਜਸ਼ੀਲ ਹੁੰਦੀ ਹੈ। ਲੋਕ ਮਾਨਸ ਦੇ ਵੱਖ-ਵੱਖ ਪੱਖ ਲੋਕ ਕਹਾਣੀਆਂ ਵਿਚੋਂ ਪਛਾਣੇ ਜਾ ਸਕਦੇ ਹਨ। ਇਨ੍ਹਾਂ ਵਿਚੋਂ ਰਸਮਾਂ ਲੋਕ ਜੀਵਨ ਦਾ ਅਹਿਮ ਭਾਗ ਹਨ।

> *"ਲੋਕ ਪਿੜ 'ਚ ਰਸਮਾਂ ਆਪਣੀ-ਆਪਣੀ ਬਾਤ (ਪ੍ਰਵਚਨ) ਵੀ ਪਾਉਂਦੀਆਂ*

*ਹਨ। ਇਕੱਠੀਆਂ ਤ੍ਰਿੰਜਣ ਵੀ ਕੱਤਦੀਆਂ ਹਨ। ਇਕ ਦੂਜੇ ਤੋਂ ਚੱਜ ਤੇ ਹੁਨਰ ਸਿੱਖਦੀਆਂ ਹਨ। ਇੱਥੇ ਗਿਆਨ ਦਾ ਰਿਸ਼ਤਾ ਗ਼ਲਬੇ ਜਾਂ ਸੱਤਾ ਨਾਲ਼ ਨਹੀਂ ਹੁੰਦਾ। ਵਪਾਰ ਨਾਲੋਂ ਵਟਾਂਦਰੇ ਦਾ ਰਿਵਾਜ ਲੋਕ-ਪਿੜ ਦੀ ਸੁੱਚੀ ਤਿਜਾਰਤ ਹੁੰਦੀ ਹੈ। 'ਪੱਗ ਵਟਾਉਣਾ', 'ਸਿਰਕੇ ਵਟਾਉਣਾ' ਤੇ 'ਦੁੱਖ-ਸੁੱਖ ਵੰਡਾਉਣਾ' ਇਸ ਪਿੜ ਦੇ ਪਿੰਡੇ ਦਾ ਸੁਭਾ ਹੁੰਦੈ। ਇਸ ਦੇ ਬਿਰਖ ਦੀ ਛਾਂ ਅਜਨਬੀ ਤੇ ਬੇਗਾਨੀ ਨਹੀਂ ਹੁੰਦੀ। ਇਸ ਦੇ ਪਰਛਾਵਿਆਂ 'ਚੋਂ ਸੇਕ ਨਹੀਂ, ਨਿੱਘ ਆਉਂਦਾ ਹੈ।"* [2]

'ਪੱਗ ਲੀਰਾਂ ਕਾ ਬੁੱਦੂ ਨੀ .....' ਲੋਕ ਕਹਾਣੀ ਵਿਚ 'ਪੱਗ ਵਟਾਉਣ' ਦੀ ਰਸਮ ਪਿੱਛੇ ਕਾਰਜਸ਼ੀਲ ਸਾਂਝੇਦਾਰੀ, ਪਿਆਰ ਭਾਵ ਤੇ ਯਾਰ ਨੂੰ ਭਰਾ ਸਮਝਣ ਦੇ ਜਜ਼ਬੇ ਦਾ ਬਿਰਤਾਂਤ ਸਿਰਜਿਆ ਗਿਆ ਹੈ।

*"ਸਭਿਆਚਾਰਕ ਪੱਧਰ 'ਤੇ ਪੱਗ ਇਕ ਤੋਂ ਵਧੀਕ ਸਭਿਆਚਾਰਾਂ ਦਾ ਹਿੱਸਾ ਹੈ, ਪਰ ਜੋ ਅਹਿਮੀਅਤ ਇਸ ਨੂੰ ਪੰਜਾਬੀ ਸਭਿਆਚਾਰ ਵਿਚ ਹਾਸਿਲ ਹੈ, ਸੰਸਾਰ ਦੇ ਬਾਕੀ ਸਭਿਆਚਾਰਾਂ ਵਿਚ ਇਸ ਲਈ ਅਜਿਹੀ ਅਹਿਮੀਅਤ ਦੀ ਅਣਹੋਂਦ ਹੈ। ਪੰਜਾਬੀ ਸਮਾਜ ਵਿਚ ਪੱਗ ਪਹਿਰਾਵੇ ਦਾ ਇਕ ਅਭਿੰਨ ਅੰਗ ਹੋਣ ਦੇ ਨਾਲ-ਨਾਲ ਪ੍ਰਤੀਕ ਪੱਧਰ 'ਤੇ ਵੀ ਅਹਿਮ ਸਥਾਨ ਰੱਖਦੀ ਹੈ। ਪੰਜਾਬ ਵਿਚ ਪੱਗ ਇਕ ਕੱਪੜੇ ਦੇ ਟੁੱਕੜੇ ਵਜੋਂ ਨਹੀਂ ਬਲਕਿ ਮਨੁੱਖ ਦੀ ਆਨ, ਬਾਨ ਤੇ ਸ਼ਾਨ ਵਜੋਂ ਹੋਂਦ ਗ੍ਰਹਿਣ ਕਰਦੀ ਹੈ।"* [3]

ਲੋਕ ਮਾਨਸ ਵਿਚ 'ਪੱਗ' ਸਿਰਫ਼ ਇਕ ਲੀਰ/ਕੱਪੜਾ ਮਾਤਰ ਹੀ ਨਹੀਂ ਹੈ ਸਗੋਂ ਇਹ ਅਜਿਹੇ ਸਿਰ ਦਾ ਪ੍ਰਤੀਕ ਹੈ ਜੋ ਲੋੜ ਪੈਣ ਤੇ ਪੱਗ ਵੱਟ ਭਰਾ ਉੱਤੋਂ ਵਾਰਿਆ ਵੀ ਜਾ ਸਕੇ। 'ਪੱਗ ਲੀਰਾਂ ਕਾ ਬੁੱਦੂ ਨੀ .....' ਲੋਕ ਕਹਾਣੀ ਵਿਚੋਂ ਜਿਮੀਂਦਾਰ ਦੁਆਰਾ ਰਾਜੇ ਨੂੰ 'ਪੱਗ ਵਟਾਉਣ' ਤੋਂ ਮਨ੍ਹਾ ਕਰਨ ਤੇ ਅਤੇ ਰਾਜੇ ਨੂੰ 'ਪੱਗ' ਦੀ ਅਹਿਮੀਅਤ ਦੱਸਣ ਲਈ ਆਪਣੇ ਪੱਗਵੱਟ ਭਰਾਵਾਂ ਦੇ ਉਸ ਲਈ ਜਾਨ-ਮਾਲ ਵਾਰਨ ਦੇ ਜਜ਼ਬੇ ਤੋਂ ਜਾਣੂ ਕਰਵਾ ਕੇ ਲੋਕ ਮਾਨਸ ਵਿਚ ਵਸੇ 'ਪੱਗ ਵਟਾਉਣ' ਦੀ ਰਸਮ ਪਿੱਛੇ ਕਾਰਜਸ਼ੀਲ ਭਰਾਤਰੀ ਭਾਵ, ਭਾਈਚਾਰੇ ਦੀ ਭਾਵਨਾ ਦੀ ਥਾਹ ਪਾਈ ਹੈ।

*"ਪੱਗ ਇੱਜ਼ਤ, ਮਾਣ, ਸਵੈ-ਮਾਣ, ਸਤਿਕਾਰ ਦਾ ਚਿੰਨ੍ਹ, ਨਿਸ਼ਾਨੀ ਮੰਨੀ ਜਾਂਦੀ ਹੈ। ਕਿਸੇ ਜਿਗਰੀ ਮਿੱਤਰ ਨਾਲ਼ ਆਪਸ ਵਿਚ ਪੱਗ ਵਟਾ ਕੇ ਪੱਗਵੱਟ ਭਰਾ ਬਣਾਏ ਜਾਂਦੇ ਹਨ। ਪੱਗ ਦੀ ਰਾਖੀ ਲਈ ਲੜਾਈਆਂ ਤੇ ਕਤਲ ਤੱਕ ਹੋ ਜਾਂਦੇ ਹਨ।"* [4]

ਜਿਮੀਂਦਾਰ ਦੇ ਪੱਗਵੱਟ ਭਰਾ ਉਸ ਨੂੰ ਰਾਜੇ ਦੁਆਰਾ ਫਾਂਸੀ ਦੀ ਸਜ਼ਾ ਸੁਣਾਉਣ ਤੇ ਜੋ ਪ੍ਰਤੀਕਿਰਿਆ ਦਿੰਦੇ ਹਨ ਉਹ ਹੈ:-

*ਸੁਦਾਗਰ:- "ਮੈਂ ਤੇਨੂੰ ਫਾਂਸੀ ਨੀ ਲਾਗਣ ਦਿੰਦਾ ਤੇਰੇ ਬਰਾਬਰ ਰਪੱਈਏ ਤੋਲ ਦਿਊਂਗਾ।"*

*ਭ੍ਰੇਡਾਂ ਆਲ਼ਾ:- "ਮੈਂ ਤੇਨੂੰ ਫਾਂਸੀ ਨੀ ਲਾਗਣ ਦਿੰਦਾ, ਆਪਣੀਆਂ ਭ੍ਰੇਡਾਂ ਬੇਚ ਦਿਊਂਗਾ, ਕੁੱਲੀ ਬੇਚ ਦਿਊਂਗਾ। ਜੇ ਫੇਰ ਵੀ ਕੈਅ ਗੇ ਬੀ ਬੰਦਾ ਮਾਰੇ ਬਿਨਾਂ ਨੀ ਸਰਦਾ ਤਾਂ ਮੈਂ ਤੇਰੀ ਜਗ੍ਹਾ ਤਾਂਦ ਪਬਾ ਲਿਊਂਗਾ। ਤੇਨੂੰ ਮਰਨ ਨੀ ਦਿੰਦਾ।"* [5]

ਲੋਕ ਸਮੂਹ ਦਾ ਆਪਸੀ ਸਾਂਝੇਦਾਰੀ ਦਾ ਰਿਸ਼ਤਾ ਮਨੁੱਖਾਂ ਤੋਂ ਪਾਰ ਜੀਵ-ਜੰਤੂਆਂ, ਨਦੀਆਂ, ਬਿਰਖਾਂ ਤੇ ਉਸ ਧਰਾਤਲ ਨਾਲ਼ ਵੀ ਜਾ ਜੁੜਦਾ ਹੈ ਜਿਸ ਦੀ ਉਹ ਉਪਜ ਹੁੰਦਾ ਹੈ। ਆਪਣੇ ਧਰਾਤਲੀ ਆਲੇ-ਦੁਆਲੇ ਨਾਲ਼ ਮਨੁੱਖਤਾ ਵਾਲ਼ਾ ਰਿਸ਼ਤਾ ਪੰਜਾਬੀ ਸਮਾਜ ਦੀ ਸਾਦਗੀ ਤੇ ਨਿਰਛਲਤਾ ਭਰੇ ਜੀਵਨ ਦੀ ਗਵਾਹੀ ਭਰਦਾ ਹੈ। ਇਸ ਦੇ ਨਕਸ਼ ਇੱਥੋਂ ਦੀਆਂ ਲੋਕ ਕਹਾਣੀਆਂ ਵਿਚੋਂ ਵੀ ਪਛਾਣੇ ਜਾ ਸਕਦੇ ਹਨ।

*"ਜਨੌਰ ਕਹਾਣੀਆਂ ਦੇ ਪਾਤਰ ਤਾਂ ਭਾਵੇਂ ਪਸ਼ੂ ਤੇ ਪੰਛੀ ਹੀ ਹੁੰਦੇ ਹਨ ਪਰ ਇਨ੍ਹਾਂ ਦਾ ਸੰਸਾਰ ਮਨੁੱਖੀ ਸੰਸਾਰ ਨਾਲੋਂ ਵੱਖਰਾ ਨਹੀਂ ਹੁੰਦਾ। ਇਸ ਸੰਸਾਰ ਵਿਚ ਉਹ ਸਭ ਕੁਝ ਵਾਪਰਦਾ ਹੈ ਜੋ ਮਨੁੱਖੀ ਸਮਾਜ ਵਿਚ ਵਾਪਰਦਾ ਹੈ। ਪਸ਼ੂ ਅਤੇ ਪੰਛੀ ਮਨੁੱਖਾਂ ਵਾਂਗ ਬੋਲਦੇ ਹੀ ਨਹੀਂ, ਉਨ੍ਹਾਂ ਵਾਂਗ ਮਹਿਸੂਸ ਵੀ ਕਰਦੇ ਹਨ। ਇਹ ਪਿਆਰ ਵੀ ਕਰਦੇ ਹਨ। ਨਫ਼ਰਤ ਤੇ ਈਰਖਾ ਵੀ ਕਰਦੇ ਹਨ, ਲੜਦੇ-ਝਗੜਦੇ ਹਨ, ਰੁਸਦੇ-ਮਨਾਉਂਦੇ ਹਨ, ਇਕ ਦੂਜੇ ਦੇ ਖ਼ਿਲਾਫ ਗੋਂਦਾਂ ਗੁੰਦਦੇ ਹਨ, ਇਕ ਦੂਜੇ ਦੀ ਮਦਦ ਵੀ ਕਰਦੇ ਹਨ।"* [6]

ਅਧਿਐਨ ਅਧੀਨ ਪੁਸਤਕ ਵਿਚਲੀ ਲੋਕ ਕਹਾਣੀ 'ਦੂਰਮਪਾਲ ਦੇ ਜਾਨਬਰ' ਇਸੇ ਵੰਨਗੀ ਦੀ ਕਹਾਣੀ ਹੈ। ਸ਼ਾਹੂਕਾਰ ਦੂਰਮਪਾਲ ਦੀ ਆਪਣੇ ਜਾਨਵਰਾਂ (ਸੱਪ, ਬਿੱਲੀ, ਤੋਤਾ, ਕੁੱਤਾ) ਨਾਲ਼ ਅਪੱਣਤ ਦੇ ਭਾਵ ਹੀ ਉਸ ਨੂੰ ਸ਼ਾਹੂਕਾਰ ਤੋਂ ਰਾਜੇ ਦੀ ਬੇਟੀ ਨਾਲ਼ ਵਿਆਹ ਦੇ ਯੋਗ ਬਣਾਉਂਦੇ ਹਨ, ਕਿਸੇ ਵੀ ਚੀਜ਼ ਨੂੰ ਸੋਨਾ ਬਣਾਉਣ ਵਾਲੀ ਮਣੀ ਦੀ ਨਿਆਮਤ ਵੀ ਉਸ ਨੂੰ ਆਪਣੇ ਜਾਨਵਰਾਂ ਦੀ ਬਦੌਲਤ ਹੀ ਮਿਲਦੀ ਹੈ ਤੇ ਮੁਸੀਬਤ ਸਮੇਂ ਉਹ ਉਸ ਦੀ ਸਹਾਇਤਾ ਕਰਦੇ ਹਨ। ਦੂਰਮਪਾਲ ਦੀ ਪਤਨੀ ਨੂੰ ਜਦੋਂ ਮੋਮੋਠਗਣੀ ਆਪਣੇ ਨਾਲ਼ ਲੈ ਜਾਂਦੀ ਤਾਂ ਉਸ ਦੇ ਜਾਨਵਰ ਉਸਦੀ ਸਹਾਇਤਾ ਕਰਦੇ ਹਨ ਤੇ ਮੋਮੋਠਗਣੀ ਦੇ ਜਾਲ਼ ਵਿਚੋਂ ਉਸ ਦੀ ਪਤਨੀ ਨੂੰ ਛੁਡਾ ਲਿਆਉਂਦੇ ਹਨ। ਇੱਥੇ ਮਨੁੱਖ ਤੇ ਜਾਨਵਰਾਂ ਦਾ ਰਿਸ਼ਤਾ ਅਪਣੱਤ ਨਾਲ਼ ਲਬਰੇਜ਼ ਹੈ। ਜਾਨਬਰ ਬੋਲੇ,

*"ਕੋਈ ਬਾਤ ਨੀਂ, ਤੂੰ ਮ੍ਹਾਨੂੰ ਲੇ ਕੈ ਚਾਲ, ਮ੍ਹਮੇਂ ਸਮਾਰਾਂਗੇ ਕੋਈ ਕਾਮ ਤੇਰਾ।"* [7]

*"ਪੰਜਾਬ ਤੇ ਭਾਰਤੀ ਲੋਕ ਕਹਾਣੀਆਂ ਵਿਚ ਹੰਸ ਹੰਸਣੀ ਦਾ ਜ਼ਿਕਰ ਆਮ ਆਉਂਦਾ ਹੈ। ਹੰਸ ਨਾਇਕ ਨੂੰ ਆਪਣੇ ਪੰਖਾਂ 'ਤੇ ਬਿਠਾ ਕੇ ਇਕ ਜਗ੍ਹਾ ਤੋਂ ਦੂਜੀ ਥਾਂ ਪਹੁੰਚਾਉਂਦੇ ਹਨ ਅਤੇ ਮੁਸੀਬਤ ਸਮੇਂ ਨਾਇਕ ਦਾ ਸਾਥ ਦਿੰਦੇ ਹਨ।"* [8]

'ਰੂਪਚੰਦ ਇੰਦੋਬਤੀ' ਲੋਕ ਕਹਾਣੀ ਵਿਚ ਹੰਸ ਰੂਪਚੰਦ ਦੁਆਰਾ ਫਾਂਦੀ ਤੋਂ ਉਸ ਦੀ ਜਾਨ ਬਚਾਉਣ ਬਦਲੇ ਰੂਪਚੰਦ ਦੀ ਸਹਾਇਤਾ ਕਰਦਾ ਹੈ। ਇੰਦੋਬਤੀ ਤੱਕ ਪਹੁੰਚਣ ਵਿਚ ਵੀ ਹੰਸ ਹੀ ਉਸ ਦੀ ਸਹਾਇਤਾ ਕਰਦਾ ਹੈ। ਪੰਜਾਬੀ ਸਮਾਜ ਵਿਚੋਂ ਜਾਨਵਰਾਂ ਤੇ ਪੰਛੀਆਂ ਨਾਲ਼ ਅਜਿਹੇ ਰਿਸ਼ਤੇ ਦੀ ਸਿਰਜਣਾ ਦਾ ਅਧਾਰ ਉਨ੍ਹਾਂ ਦਾ ਵਿਹਾਰਕ ਰੂਪ ਵਿਚ ਇਨ੍ਹਾਂ ਪ੍ਰਤੀ ਵਤੀਰੇ ਦੀ ਦੇਣ ਹੈ। ਲੋਕ ਸਮੂਹ ਨੇ ਆਪਣੇ ਪਾਲਤੂ ਜਾਨਵਰਾਂ ਨਾਲ਼ ਮੋਹ-ਭਿੱਜੇ ਰਿਸ਼ਤੇ ਵਿਚੋਂ ਉਨ੍ਹਾਂ ਨੂੰ ਕਹਾਣੀਆਂ ਦੇ ਪਾਤਰ ਸਿਰਜ ਕੇ ਆਪਣੀ ਕਲਪਨਾ ਦੇ ਘੋੜੇ ਦੌੜਾਏ ਹਨ ਜੋ ਪੰਜਾਬੀ ਸਮਾਜ ਵਿਚ ਪਸ਼ੂਆਂ/ਜਾਨਵਰਾਂ ਤੇ ਪੰਛੀਆਂ ਨਾਲ਼ ਨੇੜਤਾ ਤੋਂ ਜਾਣੂ ਕਰਵਾਉਂਦੇ ਹਨ।

ਸਭਿਆਚਾਰਕ ਅਧਿਐਨ ਕਿਸੇ ਸਮਾਜ ਦੇ ਢਾਂਚੇ ਵਿਚ ਕੰਮ ਕਰਦੇ ਸ਼ਕਤੀ ਸੰਬੰਧਾਂ ਨੂੰ ਸਮਝਣ ਦਾ ਯਤਨ ਕਰਦਾ ਹੈ। ਅਧਾਰ ਪੁਸਤਕ ਦੀਆਂ ਲੋਕ ਕਹਾਣੀਆਂ

ਵਿਚੋਂ ਇੱਥੇ ਦੀ ਸਮਾਜਿਕ ਸੰਰਚਨਾ ਵਿਚ ਕਾਰਜਸ਼ੀਲ ਸ਼ਕਤੀ ਸੰਬੰਧਾਂ ਨੂੰ ਪਛਾਣਿਆ ਜਾ ਸਕਦਾ ਹੈ। ਜ਼ਿਆਦਾਤਰ ਲੋਕ ਕਹਾਣੀਆਂ ਦੇ ਕੇਂਦਰ ਵਿਚ ਰਾਜੇ-ਮਹਾਰਾਜੇ ਜਾਂ ਬ੍ਰਾਹਮਣ ਵਰਗ ਰਹਿੰਦਾ ਹੈ। ਰਾਜੇ-ਮਹਾਰਾਜੇ ਆਰਥਿਕ ਸਾਧਨਾਂ 'ਤੇ ਕਾਬਜ਼ ਸ਼੍ਰੇਣੀ ਦੇ ਪ੍ਰਤੀਨਿਧ ਹਨ ਤੇ ਬ੍ਰਾਹਮਣ ਵਰਗ ਨੂੰ ਇਸ ਕਾਬਜ਼ ਸ਼੍ਰੇਣੀ ਦੇ ਦਰਬਾਰ ਵਿਚ ਦੇਵਤਿਆਂ ਦੇ ਬਰਾਬਰ ਦਾ ਦਰਜਾ ਹਾਸਲ ਹੈ। ਆਮ ਜਨਤਾ ਲਈ ਰਾਜਿਆਂ ਦੇ ਹੁਕਮ ਤੇ ਬ੍ਰਾਹਮਣਾਂ ਦੇ ਸ਼ਰਾਪ ਤੋਂ ਡਰ ਦਾ ਮਾਹੌਲ ਬਣਿਆ ਰਹਿੰਦਾ ਹੈ। ਇਨ੍ਹਾਂ ਵਰਗਾਂ ਨੂੰ ਸਮਾਜ ਵਿਚ ਵਿਸ਼ੇਸ਼ ਸਥਾਨ ਹਾਸਲ ਹੈ ਪਰ ਇਨ੍ਹਾਂ ਦੋਹਾਂ ਵਰਗਾਂ ਦੇ ਆਪਸੀ ਰਿਸ਼ਤੇ ਵੀ ਗੁੰਝਲਦਾਰ ਹਨ, ਰਾਜੇ-ਮਹਾਰਾਜੇ ਜਿੱਥੇ ਬ੍ਰਾਹਮਣ ਵਰਗ ਨੂੰ ਦਰਬਾਰ ਵਿਚ ਉੱਚ ਸਥਾਨ ਦਿੰਦੇ ਹਨ, ਉੱਥੇ ਨਾਬਰੀ/ਗ਼ਲਤੀ/ਚਲਾਕੀ ਦੇ ਬਦਲੇ ਸਜ਼ਾ ਦੇ ਭਾਗੀਦਾਰ ਵੀ ਬਣਾ ਦਿੰਦੇ ਹਨ। ਜਿਵੇਂ ਕਿ 'ਦ੍ਰਮ ਕੀ ਜੜ ਹਰੀ ਹੋ' ਲੋਕ ਕਹਾਣੀ ਵਿਚ ਰਾਜੇ ਦੁਆਰਾ ਬ੍ਰਾਹਮਣ ਦੀ ਬੇਟੀ ਦੇ ਰਿਸ਼ਤੇ ਦੀ ਮੰਗ 'ਤੇ ਬ੍ਰਾਹਮਣ ਦੁਆਰਾ ਇਨਕਾਰ 'ਤੇ ਰਾਜਾ ਪੂਰੇ ਪਰਿਵਾਰ ਨੂੰ ਮਾਰਨ ਦੀ ਸਜ਼ਾ ਦੇਣ ਦਾ ਡਰਾਵਾ ਦਿੰਦਾ ਹੈ।

*ਰਾਜੈ ਨੈ ਪੰਡਤ ਨੂੰ ਪੁਛਿਆ, "ਪੰਡਤ ਜੀ, ਥ੍ਹਾਰੈ ਲੜਕੀ ਐ?"*

*"ਹਾਂ ਜੀ।"*

*"ਲੜਕੀ ਕਾ ਡੋਲ਼ਾ ਦੇ ਮੇਨੂੰ।"*

*"ਮ੍ਹਾਰਾਜ.... ਮੈਂ ਬ੍ਰਾਮ੍ਹਣ ਥ੍ਹਮੇਂ ਰਾਜੇ, ਦੀਨ ਨਾਲ਼ ਦੀਨ ਨੀਂ ਮਿਲਦਾ ਆਪਣਾ।*

*ਯ੍ਹਾ ਬਾਤ ਤੋਂ ਥ੍ਹਮੇਂ ਨਾ ਈ ਕਓ।"*

*"ਜੇ ਨਈ ਦਿੰਦਾ ਫੇਰ ਸਾਰੈ ਪਰਬਾਰ ਨੂੰ ਮਰਬਾਦੇਓਂਗਾ।"* [9]

ਬ੍ਰਾਹਮਣ ਵਰਗ ਤੇ ਰਾਜ ਪਰਿਵਾਰ ਦੇ ਰਿਸ਼ਤਿਆਂ ਦਾ ਇਕ ਦੂਜਾ ਪੱਖ ਵੀ ਉਭਰਦਾ ਹੈ ਜਿੱਥੇ ਬ੍ਰਾਹਮਣ ਨੂੰ ਦੇਵਤੇ ਸਮਾਨ ਮੰਨ ਕੇ ਉਸ ਦੇ ਸਾਰੇ ਵਚਨ ਪੁਗਾਏ ਜਾਂਦੇ ਹਨ। 'ਅਮਰ ਫ਼ਲ', 'ਏਕ ਦ੍ਰਮਾਤਮਾ ਰਾਜਾ' ਲੋਕ ਕਹਾਣੀਆਂ ਵਿਚ ਬ੍ਰਾਹਮਣ ਦੇ ਵਚਨਾਂ ਕਾਰਨ ਰਾਜਿਆਂ ਨੂੰ ਆਪਣੇ ਰਾਜ-ਭਾਗ ਤੋਂ ਹੱਥ ਧੋਣਾ ਪੈਂਦਾ ਹੈ।

*ਬ੍ਰਾਹਮਣ:- "ਮੈਂ ਤੇਰੈ ਪੌ ਏਕ ਚੀਜ਼ ਮਾਂਗੂੰਗਾ ਦੇਐਂਗਾ?"*

*ਰਾਜਾ:- "ਜੇ ਹੂਐਗੀ ਦੇਊਂਗਾ ਮ੍ਹਾਰਾਜ।"*

*ਬ੍ਰਾਹਮਣ:- "ਮੇਨੂੰ ਤੇਰਾ ਰਾਜ ਦੇ ਦੇ।"*

*ਰਾਜਾ:- "ਦੇ ਦੀਆ ਮ੍ਹਾਰਾਜ।"* [10]

ਰਾਜੇ-ਮਹਾਰਜਿਆਂ ਤੇ ਬ੍ਰਾਹਮਣ ਵਰਗ ਤੋਂ ਬਿਨਾ ਜਿੱਥੇ ਕਿਤੇ ਸਮਾਜ ਦੇ ਕਿਸੇ ਹੋਰ ਵਰਗ ਦਾ ਜ਼ਿਕਰ ਆਇਆ ਹੈ ਉਸ ਦੀ ਸਥਿਤੀ ਪ੍ਰੋਲੇਤਾਰੀ ਵਰਗ ਵਾਲੀ ਹੀ ਰਹੀ ਹੈ। ਪਰ ਕਈ ਵਾਰ ਸਮਾਜ ਦੇ ਸ਼ਕਤੀ ਸੰਬੰਧਾਂ ਵਿਚ ਪਰਿਵਰਤਨ ਵੀ ਵਾਪਰਦਾ ਹੈ। ਸੱਤਾਧਾਰੀ ਨਿਜ਼ਾਮ ਦੇ ਹੱਥੋਂ ਸ਼ਕਤੀ ਖੁੱਸ ਜਾਂਦੀ ਹੈ ਤੇ ਪ੍ਰੋਲੇਤਾਰੀ ਮੰਨਿਆ ਜਾਂਦਾ ਵਰਗ/ਵਿਅਕਤੀ ਇਸ 'ਤੇ ਕਾਬਜ਼ ਹੋ ਜਾਂਦਾ ਹੈ। ਇਸ ਪੁਸਤਕ ਦੀਆਂ ਲੋਕ ਕਹਾਣੀਆਂ ਵਿਚ ਅਜਿਹੀ ਉਦਾਹਰਨ 'ਰਾਜਾ ਤੇ ਤੇਲੀ' ਲੋਕ ਕਹਾਣੀ ਵਿਚੋਂ ਵੇਖੀ ਜਾ ਸਕਦੀ ਹੈ। ਇਸ ਲੋਕ ਕਹਾਣੀ ਵਿਚ ਰਾਜੇ ਦੁਆਰਾ ਆਪਣੇ ਦੇਹ ਪਲਟਾਉਣ ਦੇ ਹੁਨਰ ਸਿੱਖਣ ਜਾਣ ਲਈ ਤੇਲੀ ਨੂੰ ਸਾਥੀ ਬਣਾਇਆ ਜਾਂਦਾ ਹੈ। ਤੇਲੀ ਚਲਾਕੀ ਨਾਲ਼ ਰਾਜੇ ਦੇ ਨਾਲ਼-ਨਾਲ਼ ਹੁਨਰ ਸਿੱਖ ਲੈਂਦਾ ਹੈ ਤੇ ਰਾਜੇ ਦੀ ਦੇਹ 'ਤੇ ਕਬਜ਼ਾ ਕਰ ਉਸ ਦਾ ਰਾਜ-ਪਾਟ ਹਥਿਆ ਲੈਂਦਾ ਹੈ।

*"ਅਪਕੀ ਦੇਹ ਛੋਡ ਕੈ ਰਾਜਾ ਸਾਂਪ ਕੀ ਦੇਹ ਮੈ ਜਾ ਬੜਿਆ। ਤੇਲੀ ਅਪਕੀ ਦੇਹ ਛੋਡ ਕੈ ਰਾਜੈ ਕੀ ਦੇਹ ਮੈ ਜਾ ਬੜਿਆ। ਤੇਲੀ ਤੋ ਰਾਜਾ ਬਣ ਗਿਆ, ਰਾਜਾ ਸਾਂਪ ਬਣ ਗਿਆ।"* [11]

ਸਮਾਜ ਸਦੀਆਂ ਤੋਂ ਜਾਤ ਵਿਵਸਥਾ ਵਿਚ ਵੰਡਿਆ ਹੋਇਆ ਹੈ। ਜਾਤ ਵਿਵਸਥਾ ਲੋਕ ਮਾਨਸ ਵਿਚ ਇਸ ਤਰ੍ਹਾਂ ਘਰ ਕਰ ਗਈ ਹੈ ਕਿ ਲੋਕ ਸਾਹਿਤ ਵੀ ਇਸ ਤੋਂ ਅਛੂਤਿਆ ਨਹੀਂ ਰਿਹਾ। ਸਭਿਅਤਾ ਦੀ ਸ਼ੁਰੂਆਤ ਤੋਂ ਲੈ ਕੇ ਅੱਜ ਤੱਕ ਇਸ ਜਾਤ-ਪਾਤ ਦੇ ਕਲੰਕ ਨੂੰ ਪੰਜਾਬੀ ਸਮਾਜ ਆਪਣੇ ਤੋਂ ਵੱਖ ਨਹੀਂ ਕਰ ਸਕਿਆ ਹੈ ਪਰ ਇਹ ਜਾਤ ਦੀ ਕੱਟੜਤਾ ਇੰਨੀ ਗਹਿਰੀ ਨਹੀਂ ਹੈ ਕਿ ਇਸ ਦੀਆਂ ਹੱਦਾਂ ਉਲੰਘੀਆਂ ਨਹੀਂ ਜਾ ਸਕਦੀਆਂ। ਘੱਗਰ ਦੇ ਇਲਾਕੇ ਦੀਆਂ ਇਨ੍ਹਾਂ ਲੋਕ ਕਹਾਣੀਆਂ ਵਿਚ ਜਾਤ-ਪਾਤ ਵਿਵਸਥਾ ਦਾ ਜ਼ਿਕਰ ਹੈ ਜਿਸ ਤੋਂ ਇਹ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਇਸ ਇਲਾਕੇ ਦੇ ਮੁੱਢਲੇ ਸਮੇਂ ਵਿਚ ਵੀ ਇੱਥੇ ਜਾਤ ਵਿਵਸਥਾ ਮੌਜੂਦ ਸੀ। ਇਨ੍ਹਾਂ ਲੋਕ ਕਹਾਣੀਆਂ ਵਿਚੋਂ ਇਸ ਵਿਵਸਥਾ ਦੇ ਲਚਕੀਲੇ ਰੂਪ ਨੂੰ ਵੀ ਪਛਾਣਿਆ ਜਾ ਸਕਦਾ ਹੈ। 'ਏਕ ਦ੍ਰਮਾਤਮਾ ਰਾਜਾ' ਲੋਕ ਕਹਾਣੀ ਵਿਚ ਬ੍ਰਾਹਮਣ ਨੂੰ ਢਾਈ ਪਾ ਸੋਨਾ ਦੇਣ ਲਈ ਰਾਜੇ ਦੁਆਰਾ ਆਪਣੇ-ਆਪ ਤੇ ਪਰਿਵਾਰ ਨੂੰ ਇਕ ਦਲਿਤ ਸਮਝੀ ਜਾਂਦੀ ਜਾਤੀ ਦੇ ਵਿਅਕਤੀ ਦੇ ਘਰ ਕੰਮ ਕਰਨਾ ਪੈਂਦਾ ਹੈ।

ਸਮੁੱਚਾ ਸਮਾਜ ਇਕ ਖ਼ਾਸ ਤਰ੍ਹਾਂ ਦੀਆਂ ਦਰਜੇਬੰਦੀਆਂ ਦੇ ਵਿਚ ਬੱਝਾ ਹੋਇਆ ਹੈ। ਇਕ ਧਿਰ ਦੂਸਰੀ ਧਿਰ ਦੀ ਕਮੀ ਨੂੰ ਮਜ਼ਾਕ ਰਾਹੀਂ ਪੇਸ਼ ਕਰਦੀ ਹੈ। 'ਰਾਜਾ ਤੇ ਅਸ਼ਟਵਕਰ' ਕਹਾਣੀ ਵਿਚ ਬਾਕੀ ਦੇ ਬ੍ਰਾਹਮਣ ਅਸ਼ਟਵਕਰ ਦੇ ਕਾਲ਼ੇ ਰੰਗ ਤੇ ਕੋਝੇ ਸਰੀਰ ਕਾਰਨ ਉਸ ਦਾ ਮਜ਼ਾਕ ਉਡਾਉਂਦੇ ਹਨ ਤੇ ਉਸ ਨੂੰ ਬ੍ਰਾਹਮਣ ਮੰਨਣ ਤੋਂ ਮੁਨਕਰ ਹੁੰਦੇ ਹਨ। ਇਸੇ ਤਰ੍ਹਾਂ 'ਦ੍ਰਮ ਕੀ ਜੜ੍ਹ ਹਰੀ ਓਹ' ਲੋਕ ਕਹਾਣੀ ਵਿਚ ਗਰੀਬ ਬ੍ਰਾਹਮਣ ਨੂੰ ਰਾਜੇ ਦੁਆਰਾ ਟਕਾ ਦੇਣ ਤੇ ਬਾਕੀ ਬ੍ਰਾਹਮਣ ਉਸ ਨੂੰ ਅਨਪੜ੍ਹ ਬ੍ਰਾਹਮਣ ਆਖ ਕੇ ਮਜ਼ਾਕ ਕਰਦੇ ਹਨ ਤੇ ਉਸ ਵਿਰੁੱਧ ਰਾਜੇ ਨੂੰ ਭੜਕਾਉਂਦੇ ਹਨ। ਲੋਕ ਮਾਨਸ ਕਿਸੇ ਵੀ ਸਮਾਜਿਕ ਕੁਰੀਤੀ ਨੂੰ ਕੱਟੜਤਾ ਦੀ ਹੱਦ ਤੱਕ ਸਵੀਕਾਰ ਨਹੀਂ ਕਰਦਾ। ਜਾਤ ਵਿਵਸਥਾ ਤੋਂ ਭਾਵੇਂ ਪੂਰੀ ਤਰ੍ਹਾਂ ਮੁਨਕਰ ਨਹੀਂ ਹੋਇਆ ਜਾ ਸਕਦਾ ਪਰ ਕਈ ਥਾਵਾਂ ਤੇ ਇਹ ਆਪਣੇ ਨਿਯਮਾਂ ਵਿਚ ਢਿੱਲ ਵੀ ਲੈਂਦੀ ਹੈ। ਰਾਜੇ-ਮਹਾਰਾਜੇ ਜਾਂ ਬ੍ਰਾਹਮਣਾਂ ਦੁਆਰਾ ਭਰਮਣ ਜਾਂ ਯਾਤਰਾ ਤੇ ਜਾਣ ਸਮੇਂ ਤੇਲੀ, ਨਾਈ, ਜੱਟ ਆਦਿ ਜਾਤ ਦੇ ਵਿਅਕਤੀਆਂ ਦੀ ਸੰਗਤ ਕੀਤੀ ਜਾਂਦੀ ਹੈ।

ਸਮਾਜਿਕ ਸੰਰਚਨਾ ਵਿਚ ਜਾਤ ਵਿਵਸਥਾ ਦੀ ਦਰਜਾਬੰਦੀ ਤੋਂ ਬਿਨਾ ਔਰਤ ਮਰਦ ਦੀ ਸਥਿਤੀ ਵੀ ਬਹੁਤ ਅਹਿਮ ਹੈ। 'ਕੁਦਰਤ ਦੀ ਬਣਾਈ ਸ੍ਰਿਸ਼ਟੀ ਨੂੰ ਚਲਾਉਣ ਲਈ ਔਰਤ ਤੇ ਮਰਦ ਦੋਵੇਂ ਹੀ ਬਰਾਬਰ ਦੇ ਭਾਗੀਦਾਰ ਹਨ ਪਰ ਸਮਾਜਿਕ ਤੌਰ ਬਰਾਬਰੀ ਦਾ ਹੱਕ ਮੁੱਢਲੇ ਕਬੀਲਾਈ ਯੁੱਗ ਦੇ ਕੁਝ ਸਮੇਂ ਨੂੰ ਛੱਡ ਕੇ ਔਰਤ ਨੂੰ ਕਦੇ ਨਹੀਂ ਮਿਲਿਆ। ਸਾਡੀ ਦਾਰਸ਼ਨਿਕ ਪਰੰਪਰਾ ਵਿਚ ਔਰਤ ਲਈ ਦੇਵੀ, ਅਰਧਾਂਗਨੀ, ਰਾਣੀ ਆਦਿ ਸਨਮਾਨਜਨਕ ਸ਼ਬਦਾਂ ਦੀ ਵਰਤੋਂ ਹੋਈ ਮਿਲਦੀ ਹੈ ਪਰ ਅਸਲੀਅਤ ਵਿਚ ਮਰਦ ਪ੍ਰਧਾਨ ਸਮਾਜ ਵਿਚ ਔਰਤ ਹਮੇਸ਼ਾਂ ਦੂਜੈਲੀ ਜਾਂ

ਇਸ ਤੋਂ ਵੀ ਨਿਮਨ ਸਥਿਤੀ ਤੇ ਵਿਚਰਦੀ ਹੈ। ਸਮਾਜਿਕ ਵਿਵਸਥਾ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਬਣਾਏ ਗਏ ਕਾਨੂੰਨ, ਮਰਦ ਦੀ ਇਕ ਪਾਸੜ ਤਰਫ਼ਦਾਰੀ ਕਰਨ ਦੇ ਬਾਵਜੂਦ ਸਮਾਜਿਕ ਸੰਤੁਲਨ ਕਾਇਮ ਰੱਖਣ ਲਈ ਬੇਹੱਦ ਕਾਮਯਾਬ ਹਨ ਕਿਉਂਜੋ ਦੂਜੀ ਧਿਰ ਅਰਥਾਤ ਔਰਤ ਕੋਲ ਇਸ ਦਾ ਵਿਰੋਧ ਕਰਨ ਦਾ ਕੋਈ ਅਧਿਕਾਰ ਨਹੀਂ ਸੀ। ਇਸ ਤੱਥ ਦਾ ਪ੍ਰਮਾਣ ਲੋਕਧਾਰਾ ਦੀ ਹਰ ਵੰਨਗੀ ਵਿਚੋਂ ਮਿਲਦਾ ਹੈ। ਲੋਕ ਸਾਹਿਤ ਦੇ ਪ੍ਰਮੁੱਖ ਰੂਪ ਲੋਕ ਕਹਾਣੀ ਦਾ ਵਡੇਰਾ ਭਾਗ ਔਰਤ/ਮਰਦ ਸੰਬੰਧਾਂ ਦੁਆਲੇ ਉਸਰਿਆ ਹੋਇਆ ਹੈ। ਅਣਗਿਣਤ ਕਹਾਣੀਆਂ ਲੋਕ ਕਹਾਣੀਆਂ ਵਿਚੋਂ ਔਰਤ ਦੀ ਅਜਿਹੀ ਸਥਿਤੀ ਦੇ ਕਈ ਪ੍ਰਮਾਣ ਮਿਲਦੇ ਹਨ।

*"ਇਕ ਸੀ ਰਾਜਾ। ਉਸ ਦੀਆਂ ਤਿੰਨ/ਪੰਜ/ਸੱਤ ਰਾਣੀਆਂ ਸਨ ਦੇ ਵਾਕ ਤੋਂ ਸ਼ੁਰੂ ਹੁੰਦੀਆਂ ਹਨ।"* [12]

'ਰਾਜਾ ਤੇ ਡੈਣ' ਲੋਕ ਕਹਾਣੀ ਵਿਚ ਰਾਜੇ ਦੀਆਂ ਸੱਤ ਰਾਣੀਆਂ ਹਨ ਜੋ ਕਿ ਡੈਣ ਦੇ ਝੂਠ ਕਾਰਨ ਰਾਜੇ ਦੀ ਦਿੱਤੀ ਸਜ਼ਾ ਦਾ ਸੰਤਾਪ ਭੋਗਦੀਆਂ ਹਨ। 'ਰਾਜਾ ਤੇ ਤੇਲੀ' ਲੋਕ ਕਹਾਣੀ ਵਿਚ ਰਾਜੇ ਤੇ ਅੰਧਲੇ ਰਾਜੇ ਦੀਆਂ ਰਾਣੀਆਂ ਵੀ ਇਕ ਤੋਂ ਜ਼ਿਆਦਾ ਹਨ। ਮਰਦ ਪ੍ਰਧਾਨ ਸਮਾਜ ਵਿਚ ਮਰਦ ਖ਼ਾਸ ਕਰ ਉੱਚ ਵਰਗ ਦੇ ਮਰਦ ਦੁਆਰਾ ਇਕ ਤੋਂ ਵਧੇਰੇ ਔਰਤਾਂ ਨਾਲ ਵਿਆਹ ਕਰਵਾਉਣ ਨੂੰ ਉੱਚੀ ਸ਼ਾਨ ਸਮਝਿਆ ਜਾਂਦਾ ਹੈ। ਅਜਿਹੀ ਸਥਿਤੀ ਔਰਤ ਦੀ ਇਕ ਵਸਤ ਵਜੋਂ ਪੇਸ਼ਕਾਰੀ ਕਰਦੀ ਹੈ ਜੋ ਕਿ ਸਮਾਜ ਦਾ ਬਹੁਤ ਹੀ ਘਿਨੌਣਾ ਪੱਖ ਸਾਹਮਣੇ ਲਿਆਉਂਦੀ ਹੈ।

ਇਸ ਤੋਂ ਇਲਾਵਾ ਕਈ ਲੋਕ ਕਹਾਣੀਆਂ ਵਿਚੋਂ ਔਰਤ ਨੂੰ ਬਿਨਾਂ ਉਸ ਦਾ ਪੱਖ ਸੁਣੇ ਜਾਂ ਸਮਝੇ ਹੀ ਪਰਿਵਾਰ ਵਿਚੋਂ ਬਾਹਰ ਕਰ ਦਿੱਤਾ ਜਾਂਦਾ ਹੈ। ਕਈ ਵਾਰ ਤਾਂ ਕਾਰਨ ਅਜਿਹਾ ਨਿਗੂਣਾ ਹੁੰਦਾ ਹੈ ਕਿ ਔਰਤ ਦੀ ਹੋਂਦ 'ਤੇ ਸਵਾਲੀਆ ਨਿਸ਼ਾਨ ਲਗਾ ਦਿੰਦਾ ਹੈ। ਜਿਵੇਂ ਕਿ 'ਰਾਜਾ ਤੇ ਤੇਲੀ' ਨਾਂ ਦੀ ਲੋਕ ਕਹਾਣੀ ਵਿਚ ਅੰਧਲਾ ਰਾਜਾ ਸਿਰਫ਼ ਆਪਣੇ ਪਾਲਤੂ ਤੋਤੇ ਦੇ ਕਹਿਣ 'ਤੇ ਆਪਣੀਆਂ ਪਤਨੀਆਂ ਨੂੰ ਛੱਡ ਦਿੰਦਾ ਹੈ। ਇਸੇ ਤਰ੍ਹਾਂ 'ਰਾਜਾ ਤੇ ਡੈਣ' ਲੋਕ ਕਹਾਣੀ ਵਿਚ ਰਾਜਾ ਰਾਣੀ ਬਣੀ ਡੈਣ ਦੇ ਇਲਜ਼ਾਮ 'ਤੇ ਬਿਨਾਂ ਆਪਣੀਆਂ ਪਤਨੀਆਂ ਦਾ ਪੱਖ ਸੁਣੇ ਉਨ੍ਹਾਂ ਨੂੰ ਖੂਹ ਵਿਚ ਡੇਗਣ ਦੀ ਸਜਾ ਦਾ ਐਲਾਨ ਕਰ ਦਿੰਦਾ ਹੈ। ਔਰਤ ਅਜਿਹੀ ਧਿਰ ਵਜੋਂ ਉਭਰਦੀ ਹੈ ਜਿਸ ਨੂੰ ਆਪਣਾ ਪੱਖ ਰੱਖਣ ਦਾ ਮੌਕਾ ਵੀ ਪ੍ਰਦਾਨ ਨਹੀਂ ਕੀਤਾ ਜਾਂਦਾ।

ਇਸੇ ਤਰ੍ਹਾਂ ਔਰਤ ਲਈ ਉਸ ਦੁਆਲੇ ਸਿਰਜੇ ਗਏ ਨੈਤਿਕਤਾ ਦੇ ਦਾਇਰੇ ਤੋਂ ਬਾਹਰ ਨਿਕਲਣ ਦਾ ਕੋਈ ਰਾਹ ਨਹੀਂ ਹੈ। ਅਜਿਹਾ ਕਰਨ ਦੀ ਕੋਸ਼ਿਸ਼ ਕਰਨ 'ਤੇ ਉਸ ਨੂੰ ਬਦਚਲਣ, ਬੇਗ਼ੈਰਤ ਆਦਿ ਵਿਸ਼ੇਸ਼ਣਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ। 'ਸਾਲੂ' ਕਹਾਣੀ ਦੀ ਲੜਕੀ ਨੂੰ ਸਿਰਫ਼ 'ਸਾਲੂ' 'ਤੇ ਦਾਗ ਲੱਗਣ ਤੇ ਉਸ ਦੇ ਭਰਾ ਤੇ ਭਰਜਾਈ ਦੁਆਰਾ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ। ਇੱਥੇ 'ਸਾਲੂ' ਸਿੱਧੇ ਤੌਰ 'ਤੇ 'ਸਿਰ ਤੇ ਲੈਣ ਵਾਲੇ ਕੱਪੜੇ' ਵਜੋਂ ਪੇਸ਼ ਹੋਇਆ ਹੈ ਪਰ ਇਸ ਦੇ ਚਿੰਨ੍ਹਾਤਮਕ ਅਰਥ ਇੱਜ਼ਤ 'ਤੇ ਲੱਗੇ ਦਾਗ ਨਾਲ ਸੰਬੰਧਤ ਹਨ।

*ਔੌ ਏਕ ਏਕ ਕਰਕੈ ਛੀ ਭ੍ਰਾਬੀਆਂ ਲਬੈ ਗਈ। ਛੀਆਂ ਨੈ ਜਬਾਬ ਦੇ ਦੀਆ। ਔੌ ਸਭ ਤੈ ਮਗਰੋਂ ਅਪਕੀ ਬਡੀ ਭ੍ਰਾਬੀ ਲਬੈ ਬਾਗੀ।*

*ਔੌ ਜਾ ਕੈ ਕੈਅ, " ਭ੍ਰਾਬੀ ਭ੍ਰਾਬੀ ਮੇਨੂੰ ਸਾਲੂ ਦੇ ਦੇ, ਮੈਂ ਤੀਆਂ ਮੈ ਜਾਣੈ।"*

*ਔੌ ਕੈਅ, "ਪੇਟੀ ਮੈ ਪੜਿਆ ਐ, ਕਾਢ੍ਹ ਲੇ ਜਾ, ਪਰ ਏਕ ਬਾਤ ਜਾਦ ਰਾਖੀਂ ਇਸ ਪੈ ਦਾਗ ਨਾ ਲਾਗ ਜੈ।"*

*"ਚੰਗਾ ਮੈਂ ਖਿਆਲ ਰਾਖੂੰਗੀ।"* [13]

ਇਸੇ ਤਰ੍ਹਾਂ 'ਰੂਪਚੰਦ ਇੰਦੋਬਤੀ' ਲੋਕ ਕਹਾਣੀ ਵਿਚ ਇੰਦੋਬਤੀ ਨੂੰ ਚਾਨਣ ਕਰਨ ਵਾਲੀ ਰਾਜਕੁਮਾਰੀ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ।

*ਰੂਪਚੰਦ: "ਕੋਈ ਦੀਬਾ-ਬੱਤੀ ਜਲ਼ਾ ਦੇ।"*

*ਮ੍ਹੈਰੀ: "ਉਰੈ ਦੀਬੈ-ਬੱਤੀ ਕੀ ਕੋਈ ਲੋੜ ਨੀ। ਰਾਜੈ ਕੀ ਲੜਕੀ ਐ,*

*ਜਦ ਔੌ ਮ੍ਹੈਲ ਪੈ ਚੜੈ, ਉਸ ਕਾ ਚਾਨਣ ਚਾਰ-ਚਾਰ ਕੋ੍ਹ ਤੱਕ ਊਐ। ਬੱਸ ਔੌ ਮੈਹਲ ਪੈ ਚੜਨ ਆਲ਼ੀ ਐ।"* [14]

ਇੰਦੋਬਤੀ ਦਾ ਇਹ ਚਾਨਣ ਉਸ ਸਮੇਂ ਧੁੰਦਲਾ ਹੋ ਜਾਂਦਾ ਹੈ ਜਦੋਂ ਉਸ ਦਾ ਰੂਪਚੰਦ ਨਾਲ ਮੇਲ ਹੋ ਜਾਂਦਾ ਹੈ। ਹੌਲੀ-ਹੌਲੀ ਉਸ ਦਾ ਚਾਨਣ ਹੋਣਾ ਬੰਦ ਹੋ ਜਾਂਦਾ ਹੈ। ਇਸ ਦਾ ਸਪੱਸ਼ਟ ਭਾਵ ਨਿਕਲਦਾ ਹੈ ਕਿ ਇੰਦੋਬਤੀ ਦੇ ਜਤ-ਸਤ ਦੇ ਭੰਗ ਹੋਣ ਤੇ ਉਸ ਦਾ ਕਰਾਮਾਤੀ ਚਾਨਣ ਹੋਣਾ ਬੰਦ ਹੋ ਗਿਆ। ਔਰਤ ਤੋਂ ਹਮੇਸ਼ਾ ਇਹੀ ਉਮੀਦ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਇੱਛਾਵਾਂ ਦੀ ਬਲੀ ਦੇ ਕੇ ਸਮਾਜ ਦੇ ਦਰਸਾਏ ਨਿਯਮਾਂ ਅਨੁਸਾਰ ਕਾਰਜ ਕਰਦੀ ਰਹੇ। ਜਦੋਂ ਹੀ ਉਹ ਆਪਣੀ ਜ਼ਿੰਦਗੀ ਆਪਣੇ ਹਿਸਾਬ ਨਾਲ ਜੀਣਾ ਸ਼ੁਰੂ ਕਰਦੀ ਹੈ ਤਾਂ ਸਮਾਜ ਉਸ ਨੂੰ ਉਸ ਦੀਆਂ ਸਮਰੱਥਾਵਾਂ ਤੋਂ ਛੋਟਾ ਸਮਝਦਾ ਹੈ।

ਲੋਕ ਕਹਾਣੀ ਵਿਚ ਔਰਤ ਦੀ ਸਥਿਤੀ ਤੋਂ ਉਸ ਦੀ ਸਮਾਜ ਵਿਚਲੀ ਸਥਿਤੀ ਦਾ ਪਤਾ ਲੱਗਦਾ ਹੈ। ਲੋਕ ਕਹਾਣੀਆਂ ਵਿਚ ਆਏ ਇਸਤਰੀ ਪਾਤਰ ਕਹਾਣੀ ਵਿਚ ਕੇਂਦਰੀ ਸਥਾਨ ਨਹੀਂ ਰੱਖਦੇ ਉਹਨਾਂ ਨੂੰ ਹਮੇਸ਼ਾਂ ਸਹਾਇਕ ਪਾਤਰ ਵਜੋਂ ਚਿਤਰਿਆ ਜਾਂਦਾ ਹੈ। 'ਪਰੀਆਂ', 'ਡੈਣਾਂ' ਦੇ ਕਾਲਪਨਿਕ ਪਾਤਰਾਂ ਤੋਂ ਲੈ ਕੇ ਰਾਣੀਆਂ, ਦਾਸੀਆਂ ਤੇ ਹੋਰ ਸਧਾਰਨ ਇਸਤਰੀ ਪਾਤਰਾਂ ਨੂੰ ਕੇਂਦਰ ਵਿਚ ਰੱਖ ਕੇ ਲੋਕ ਕਹਾਣੀਆਂ ਦੀ ਸਿਰਜਣਾ ਨਹੀਂ ਹੁੰਦੀ। 'ਰਾਜਾ ਤੇ ਡੈਣ' ਲੋਕ ਕਹਾਣੀ ਵਿਚ ਡੈਣ ਦੇ ਪਾਤਰ ਦੁਆਲੇ ਉਸਰੀ ਕਹਾਣੀ ਵਿਚੋਂ ਵੀ ਡੈਣ ਦਾ ਪਾਤਰ ਕੇਂਦਰੀ ਨਾ ਹੋ ਕੇ ਰਾਣੀਆਂ ਦਾ ਛੋਟਾ ਪੁੱਤਰ ਕੇਂਦਰ ਵਜੋਂ ਉਭਰਦਾ ਹੈ ਜੋ ਡੈਣ ਤੇ ਉਸ ਦੇ ਪਰਿਵਾਰ ਦਾ ਖਾਤਮਾ ਕਰਦਾ ਹੈ। ਇੱਥੇ ਡੈਣ ਨੂੰ ਔਰਤ ਮੰਨ ਕੇ ਦੇਖੀਏ ਤਾਂ ਉਸਦੀ ਭੂਮਿਕਾ ਕੇਂਦਰੀ ਹੋ ਕੇ ਵੀ ਮੋਹਰੀ ਨਹੀਂ ਹੋ ਸਕਦੀ। ਇਹ ਮਰਦ ਪ੍ਰਧਾਨ ਸਮਾਜ ਦੀ ਮਾਨਸਿਕਤਾ ਦਾ ਪ੍ਰਗਟਾਵਾ ਹੈ ਜੋ ਔਰਤ ਨੂੰ ਹਮੇਸ਼ਾ ਦੂਜੈਲਾ ਸਥਾਨ ਹੀ ਦਿੰਦੀ ਹੈ।

ਪੰਜਾਬੀ ਸਮਾਜ ਮਰਦ ਪ੍ਰਧਾਨ ਸਮਾਜ ਹੋਣ ਕਾਰਨ ਸਭਿਆਚਾਰਕ ਕਦਰਾਂ-ਕੀਮਤਾਂ ਦੇ ਨਿਰਧਾਰਨ ਪਿੱਛੇ ਮਰਦਾਵੀਂ ਸੋਚ ਭਾਰੂ ਹੈ। ਸਭਿਆਚਾਰ ਦੀ ਸਭ ਤੋਂ ਮੁੱਢਲੀ ਇਕਾਈ ਪਰਿਵਾਰ ਵਿਚ ਜੋ ਦਰਜਾ ਪੁੱਤਰ ਨੂੰ ਪ੍ਰਾਪਤ ਹੈ ਉਹ ਧੀ ਨੂੰ ਨਹੀਂ ਹੈ। ਪੁੱਤਰ ਨਾਲ ਵਿਸ਼ੇਸ਼ ਪ੍ਰਕਾਰ ਦਾ ਮੋਹ ਸਿਰਜਿਆ ਗਿਆ ਹੈ ਤੇ ਪੁੱਤਰ ਦੀ ਪ੍ਰਾਪਤੀ ਨੂੰ 'ਦਾਤ' ਮੰਨਿਆ ਜਾਂਦਾ ਹੈ ਜਦਕਿ ਧੀ ਨੂੰ 'ਪੱਥਰ', 'ਬੇਰੀ' ਆਦਿ ਨਾਵਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਅਧਿਐਨ ਅਧੀਨ ਲੋਕ ਕਹਾਣੀਆਂ ਵਿਚੋਂ ਪੁੱਤਰ ਪ੍ਰਤੀ ਰਿਸ਼ਤੇ ਦੀਆਂ ਜੋ ਪਰਤਾਂ ਉੱਭਰਦੀਆਂ ਹਨ ਉਹ ਪ੍ਰਚਲਿੱਤ ਪੁੱਤਰ-ਮੋਹ ਨਾਲ ਸੰਬੰਧਤ ਹੋਣ ਦੇ ਨਾਲ-ਨਾਲ ਇਸ ਦੇ ਉਲਟ ਪੁੱਤਰ ਨੂੰ ਯਾਰੀ/ਦੋਸਤੀ ਜਾਂ ਮਾਣ-

ਸਨਮਾਨ ਤੋਂ ਵਾਰਨ ਨਾਲ ਵੀ ਸੰਬੰਧਤ ਹਨ। ਰੂਪਚੰਦ ਇੰਦੋਬਤੀ ਲੋਕ ਕਹਾਣੀ ਵਿਚ ਪੁੱਤਰ ਨੂੰ ਅਨਮੋਲ ਦਾਤ ਵਜੋਂ ਪੇਸ਼ ਕਰਦੀਆਂ ਹਨ-

*ਮਾਪਿਆਂ ਨੂੰ ਪਿੱਛੋਂ ਪਾਣੀ ਦੇਵੇ ਕੌਣ ਜੀ,*
*ਮਰਿਆਂ ਦੇ ਕੋਈ ਨਾ ਸਰਾਧ ਪਾਉਣ ਜੀ,*
*ਜਾਣਗੇ ਪਿਤਰ ਹੋਈ ਕੇ ਨਜੋਰ ਜੀ,*
*ਪੁੱਤ ਜੈਸੀ ਚੀਜ਼ ਨਾ ਜਗਤ ਹੋਰ ਜੀ।* [15]

ਰੂਪਚੰਦ ਦੇ ਪਿਤਾ ਦੁਆਰਾ ਉਸ ਨੂੰ ਮਾਰਨ ਦੇ ਹੁਕਮ ਤੇ ਪੁੱਤਰ ਦੀ ਦਾਤ ਦੀ ਮਹੱਤਤਾ ਤੋਂ ਜਾਣੂ ਕਰਵਾ ਕੇ ਉਸ ਦੀ ਮੌਤ ਦੀ ਸਜ਼ਾ ਨੂੰ ਦੇਸ ਨਿਕਾਲੇ ਵਿਚ ਬਦਲ ਦਿੱਤਾ ਜਾਂਦਾ ਹੈ।

*ਮੰਨ ਲੈ ਬਚਨ ਬਾਦਸ਼ਾਹ ਤੂੰ ਜਾਣਦੇ,*
*ਕਮਾਰ ਹੈ ਨਿਆਣਾ ਪਹਿਨਣ ਤੇ ਖਾਣ ਦੇ,*
*ਫੇਰ ਪਛਤਾਵੇਂਗਾ ਜੇ ਛੁੱਟ ਗਈ ਡੋਰ ਜੀ,*
*ਪੁੱਤ ਜੈਸੀ ਚੀਜ਼ ਨਾ ਜਗਤ ਹੋਰ ਜੀ,* [16]

'ਜੱਟ ਤੇ ਬਾਣੀਆ' ਲੋਕ ਕਹਾਣੀ ਵਿਚ ਆਪਣੇ ਦੋਸਤ ਬਾਣੀਏ ਤੇ ਉਸ ਦੀ ਪਤਨੀ ਦਾ ਕੋਹੜ ਦੂਰ ਕਰਨ ਲਈ ਸਾਧੂ ਦੁਆਰਾ ਦੱਸੇ ਤਰੀਕੇ ਅਨੁਸਾਰ ਜੱਟ ਪੁੱਤਰ ਨੂੰ ਮਾਰਨ ਦੀ ਸੋਚਦਾ ਹੈ ਪਰ ਉਸ ਦਾ ਪੁੱਤਰ ਬਾਣੀਏ ਦੇ ਅਹਿਸਾਨ ਦਾ ਬਦਲਾ ਚੁਕਾਉਣ ਲਈ ਆਪ ਹੀ ਆਪਣੇ ਆਪ ਨੂੰ ਖਤਮ ਕਰ ਦਿੰਦਾ ਹੈ। ਪੁੱਤਰ ਦੀ ਮੌਤ ਤੇ ਦੁਖੀ ਹੋਣ ਦੀ ਥਾਂ ਜੱਟ ਆਪਣੇ ਪੁੱਤਰ ਦੀ ਲਾਸ਼ ਨੂੰ ਉਬਲਦੇ ਪਾਣੀ ਵਿਚ ਉਬਾਲ ਕੇ ਆਪਣਾ ਮਨੋਰਥ ਪੂਰਾ ਕਰਦਾ ਹੈ। ਇਨ੍ਹਾਂ ਲੋਕ ਕਹਾਣੀਆਂ ਦੇ ਬਿਰਤਾਂਤ 'ਚੋਂ ਪੰਜਾਬੀ ਸਭਿਆਚਾਰ ਵਿਚ ਪੁੱਤਰ ਪ੍ਰਾਪਤੀ ਨੂੰ ਦਾਤ ਸਮਝਣ ਦਾ ਬਿੰਬ ਟੁੱਟਦਾ ਹੈ ਸਗੋਂ ਇਨ੍ਹਾਂ ਦੇ ਪਾਤਰ ਪੁੱਤਰ ਦੀ ਕੁਰਬਾਨੀ ਲਈ ਵੀ ਤਿਆਰ ਰਹਿੰਦੇ ਹਨ। ਇਸ ਦੇ ਉਲਟ 'ਧੀ' ਨਾਲ ਰਿਸ਼ਤੇ ਵਿਚ ਕੋਈ ਬਹੁਤਾ ਫਰਕ ਨਜ਼ਰ ਨਹੀਂ ਆਉਂਦਾ। 'ਰਾਜਾ ਤੇ ਡੈਣ' ਲੋਕ ਕਹਾਣੀ ਵਿਚ ਖੂਹ ਵਿਚ ਸੁੱਟੀਆਂ ਰਾਣੀਆਂ ਵਾਰੀ-ਵਾਰੀ ਆਪਣੀਆਂ ਛੇ ਧੀਆਂ ਨੂੰ ਮਾਰ ਕੇ ਖਾ ਜਾਂਦੀਆਂ ਹਨ ਪਰ ਜਦੋਂ ਸੱਤਵੀਂ ਰਾਣੀ ਕੋਲ ਪੁੱਤਰ ਹੁੰਦਾ ਹੈ ਤਾਂ ਉਹ ਉਸ ਨੂੰ ਮਾਰਨ ਤੋਂ ਮਨ੍ਹਾਂ ਕਰਦੀ ਹੈ ਤੇ ਆਪਣੇ ਹਿੱਸੇ ਆਈਆਂ ਕੁੜੀਆਂ ਦੀਆਂ ਫਾੜੀਆਂ ਦੇ ਦਿੰਦੀ ਹੈ। ਇਸੇ ਤਰ੍ਹਾਂ 'ਸਾਲੂ' ਲੋਕ ਕਹਾਣੀ ਵਿਚ ਭਰਾ ਦੁਆਰਾ ਕਤਲ ਕੀਤੀ ਗਈ ਕੁੜੀ ਨੂੰ 'ਬੇਰੀ' ਦੇ ਰੂਪ ਵਿਚ ਉੱਗੀ ਦਰਸਾਇਆ ਗਿਆ ਹੈ।

ਪੰਜਾਬੀ ਸਮਾਜ ਦੇ ਰਿਸ਼ਤਾ-ਨਾਤਾ ਪ੍ਰਬੰਧ ਵਿਚ ਵਿਆਹ ਪ੍ਰਣਾਲੀ ਦਾ ਅਹਿਮ ਯੋਗਦਾਨ ਹੈ। ਵਿਆਹ ਅਜਿਹਾ ਪ੍ਰਬੰਧ ਹੈ ਜਿਸ ਨਾਲ ਵਿਅਕਤੀ ਦੇ ਪਰਿਵਾਰ ਤੇ ਰਿਸ਼ਤੇਦਾਰੀਆਂ ਦਾ ਘੇਰਾ ਵਿਸ਼ਾਲ ਹੁੰਦਾ ਹੈ। ਸਾਡੇ ਲੋਕਧਾਰਾਈ ਵਿਰਸੇ ਵਿਚੋਂ ਵਿਆਹ ਪ੍ਰਬੰਧ ਨਾਲ ਸੰਬੰਧਤ ਬਹੁਤ ਸਾਰੇ ਹਵਾਲੇ ਦੇਖਣ ਨੂੰ ਮਿਲਦੇ ਹਨ। ਲੋਕ ਮਨ ਇਸ ਪ੍ਰਬੰਧ ਵਿਚ ਕੱਟੜਤਾ ਨੂੰ ਨਕਾਰਦਾ ਹੋਇਆ ਕੁਝ ਢਿੱਲ ਦੀ ਮੰਗ ਕਰਦਾ ਆਪਣੇ ਜਜ਼ਬਾਤ ਨੂੰ ਬਿਆਨ ਕਰਦਾ ਹੈ। ਲੋਕ ਕਹਾਣੀ ਵਿਚੋਂ ਵੀ ਅਜਿਹੇ ਹਵਾਲੇ ਆਮ ਦੇਖਣ ਨੂੰ ਮਿਲਦੇ ਹਨ ਜਿੱਥੇ ਔਰਤ ਤੇ ਮਰਦ ਨੂੰ ਵਿਆਹ ਲਈ ਜੀਵਨ ਸਾਥੀ ਦੀ ਚੋਣ ਕਰਨ ਦਾ ਅਧਿਕਾਰ ਪ੍ਰਾਪਤ ਨਹੀਂ ਹੈ। ਇਹ ਫੈਸਲਾ ਸਮਾਜ ਦੀਆਂ ਇਕਾਈਆਂ ਘਰ, ਪਰਿਵਾਰ ਤੇ ਕਬੀਲੇ ਦੇ ਅਨੁਸਾਰ ਪਿਤਾ-ਪੁਰਖੀ ਅਧਿਕਾਰ ਖੇਤਰ ਵਿਚ ਆਉਂਦਾ ਹੈ। ਜਿੱਥੇ ਇਸ ਕੱਟੜ ਰਵੱਈਏ ਦੇ ਵਿਰੋਧ ਵਜੋਂ ਨਾਇਕ/ਨਾਇਕਾ ਵੱਲੋਂ ਸਵੈ-ਇੱਛਤ ਚੋਣ ਦਾ ਰਾਹ ਅਖ਼ਤਿਆਰ ਕੀਤਾ ਜਾਂਦਾ ਹੈ ਉੱਥੇ ਪਿਤਾ-ਪੁਰਖੀ ਸਮਾਜ ਨਾਲ ਵਿਰੋਧ/ ਟਕਰਾਓ ਦੀ ਸਥਿਤੀ ਉਪਜਦੀ ਹੈ। ਹਥਲੇ ਖੋਜ-ਕਾਰਜ ਦੀ ਕਹਾਣੀ ਰੂਪਚੰਦ ਇੰਦੋਬਤੀ ਵਿਚ ਰੂਪਚੰਦ ਤੇ ਇੰਦਬਿਤੀ ਦੇ ਮੇਲ ਦਾ ਭੇਦ ਖੁੱਲਣ 'ਤੇ ਇੰਦੋਬਤੀ ਦੇ ਪਿਤਾ ਵੱਲੋਂ ਰੂਪਚੰਦ ਨੂੰ ਆਪਣੇ ਇੰਦੋਬਤੀ ਨਾਲ ਰਿਸ਼ਤੇ ਤੋਂ ਮੁਨਕਰ ਹੋਣ ਲਈ ਕਿਹਾ ਜਾਂਦਾ ਹੈ ਤੇ ਨਾਲ ਹੀ ਉਸ ਦੇ ਮੁੱਕਰਨ ਤੇ ਉਹ ਆਪ ਉਸ ਦਾ ਰਿਸ਼ਤਾ ਇੰਦੋਬਤੀ ਨਾਲ ਕਰਨਾ ਮੰਨ ਲੈਂਦਾ ਹੈ। ਰਾਜੇ ਦੁਆਰਾ ਅਜਿਹਾ ਕਰਨਾ ਸਮਾਜ ਦੇ ਸਾਹਮਣੇ ਇਹ ਦਿਖਾਉਣਾ ਸੀ ਕਿ ਰੂਪਚੰਦ ਉਸ ਦੀ ਚੋਣ ਹੈ ਨਾ ਕਿ ਇੰਦੋਬਤੀ ਦੀ।

ਪੰਜਾਬੀ ਬੰਦੇ ਦੀ ਪਛਾਣ ਨਿਰਧਾਰਤ ਕਰਦੇ ਹੋਏ ਅਕਸਰ ਹੀ ਕਹਿ ਦਿੱਤਾ ਜਾਂਦਾ ਹੈ ਕਿ ਪੰਜਾਬੀ ਅਣਖੀਲੇ ਤੇ ਬਹਾਦਰ ਯੋਧੇ ਹਨ। ਇਹ ਕਿਸੇ ਦੀ ਧੌਂਸ ਨਹੀਂ ਮੰਨਦੇ ਤੇ ਨਾਬਰੀ ਦਾ ਜਜ਼ਬਾ ਇਨ੍ਹਾਂ ਵਿਚ ਕੁੱਟ-ਕੁੱਟ ਕੇ ਭਰਿਆ ਹੈ। ਪੰਜਾਬੀ ਜਵਾਨ ਹਮੇਸ਼ਾਂ ਬਹਾਦਰੀ ਦਿਖਾਉਣ ਲਈ ਉਗਰਸਰ ਰਹਿੰਦਾ ਹੈ। ਜੇਕਰ ਕੰਮ ਬੁੱਧੀ ਨਾਲ ਕਰਨ ਵਾਲਾ ਵੀ ਹੋਵੇ ਉੱਥੇ ਵੀ ਪੰਜਾਬੀ ਬੰਦਾ ਡਾਂਗ ਚੁੱਕ ਕੇ ਖਲੋ ਜਾਂਦਾ ਹੈ। ਪਰ ਜੇਕਰ ਦੇਖਿਆ ਜਾਵੇ ਤਾਂ ਇਹ ਪੰਜਾਬੀ ਸਭਿਆਚਾਰ ਦੇ ਉੱਪਰੀ ਪੱਖ ਦਾ ਹੀ ਪ੍ਰਗਟਾਵਾ ਮਾਤਰ ਲੱਗਦਾ ਹੈ ਜੋ ਇਸ ਨੂੰ ਬਹਾਦਰ ਕੌਮ ਨਾਲ ਜੋੜ ਕੇ ਦੇਖਣ ਦੀ ਰੁਚੀ ਵਿਚੋਂ ਪਨਪਿਆ ਹੈ। ਪੰਜਾਬੀ ਬੰਦੇ ਦੀ ਕਾਰਜ ਪ੍ਰਣਾਲੀ ਨੂੰ ਧਿਆਨ ਨਾਲ ਵਾਚਿਆਂ ਇਸ ਦੀ ਬਹਾਦਰੀ ਦੇ ਨਾਲ ਨਾਲ ਇਸ ਦੇ ਬੌਧਿਕ ਕੂਟਨੀਤਿਕ ਹੋਣ ਦੇ ਪ੍ਰਮਾਣ ਵੀ ਮਿਲਦੇ ਹਨ। ਇਸ ਪੁਸਤਕ ਦੀਆਂ ਲੋਕ ਕਹਾਣੀਆਂ ਵਿਚੋਂ ਇਸ ਦੇ ਪਾਤਰਾਂ ਦੇ ਕਾਰਜਾਂ ਦਾ ਅਧਾਰ ਬਹਾਦਰੀ ਨਾਲੋਂ ਜ਼ਿਆਦਾ ਬੌਧਿਕ ਕੂਟਨੀਤਿਕ ਹੈ, ਜਿੱਥੇ ਵੀ ਉਨ੍ਹਾਂ ਦੇ ਅਸੂਲਾਂ ਦੇ ਉਲਟ ਗੱਲ ਹੁੰਦੀ ਹੈ ਤਾਂ ਉਥੇ ਉਹ ਸਰੀਰਕ ਤਾਕਤ ਦੀ ਬਜਾਏ ਬੁੱਧੀ ਦੀ ਵਰਤੋਂ ਨਾਲ ਨਿਜੱਠਦੇ ਨਜ਼ਰ ਆਉਂਦੇ ਹਨ। 'ਰਾਜਾ ਤੇ ਤੇਲੀ' ਲੋਕ ਕਹਾਣੀ ਵਿਚ ਦੇਹ ਪਲਟਾਉਣ ਦਾ ਹੁਨਰ ਸਿੱਖਣ ਗਏ ਰਾਜੇ ਨਾਲ ਗਿਆ ਤੇਲੀ ਪਹਿਲਾਂ ਚਲਾਕੀ ਨਾਲ ਉਸ ਦਾ ਹੁਨਰ ਸਿੱਖਦਾ ਹੈ ਫਿਰ ਕੂਟਨੀਤੀ ਨਾਲ ਰਾਜੇ ਦਾ ਸਰੀਰ ਹਥਿਆ ਕੇ ਉਸ ਦੇ ਰਾਜ ਨੂੰ ਪ੍ਰਾਪਤ ਕਰ ਲੈਂਦਾ ਹੈ।

'ਗੁਰੂ ਚੇਲਾ' ਲੋਕ ਕਹਾਣੀ ਦਾ ਪੂਰਾ ਬਿਰਤਾਂਤ ਹੀ ਬੁੱਧੀ ਦੀ ਵਰਤੋਂ ਕਰਨ ਦੇ ਦੁਆਲੇ ਸਿਰਜਿਆ ਗਿਆ ਹੈ। ਜਿਸ ਵਿਚ ਸਾਧ ਆਪਣੇ ਚੇਲਿਆਂ ਦੀ ਸਮੇਂ-ਸਮੇਂ ਤੇ ਬੌਧਿਕ ਪ੍ਰੀਖਿਆ ਲੈਂਦਾ ਹੈ। ਅੰਤ ਆਪਣੇ ਤੋਂ ਵਧੇਰੇ ਬੌਧਿਕ ਹੋਣ ਕਾਰਨ ਛੋਟੇ ਚੇਲੇ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰਦਾ ਹੈ ਪਰ ਚੇਲਾ ਆਪਣੀ ਬੌਧਿਕਤਾ ਨਾਲ ਸਾਧ ਨੂੰ ਮਾਤ ਦਿੰਦਾ ਹੈ।

'ਬੂਲਾ ਬੁਰਾ' ਲੋਕ ਕਹਾਣੀ ਵਿਚ ਬੁਰੇ ਦੁਆਰਾ ਚਲਾਕੀ ਨਾਲ ਭਲੇ ਦੇ ਕਾਰੋਬਾਰ ਨੂੰ ਠੱਪ ਕਰਨ, ਭਲੇ ਦਾ ਰਾਜੇ ਦਾ ਰੋਗ ਠੀਕ ਕਰ ਕੇ ਉਸ ਦੀ ਧੀ ਨਾਲ ਵਿਆਹ ਕਰਵਾਉਣ, ਬੁਰੇ ਦੁਆਰਾ ਭਲੇ ਦੀ ਪਤਨੀ ਅੱਗੇ ਉਸ ਦੇ ਰਾਜੇ ਦਾ ਪੁੱਤਰ ਨਾ ਹੋਣ ਦਾ ਭੇਦ ਖੋਲਣ, ਅੰਤ ਭਲੇ ਦੁਆਰਾ ਆਪਣੇ ਆਪ ਨੂੰ ਰਾਜੇ ਦਾ ਪੁੱਤਰ ਸਾਬਿਤ ਕਰਨ ਦੀਆਂ ਘਟਨਾਵਾਂ ਦੀ ਗੋਂਦ ਪਿੱਛੇ ਚਲਾਕੀ/ਬੁੱਧੀ ਕੰਮ ਕਰਦੀ ਹੈ। ਭਲਾ ਆਪਣੀ ਬੁੱਧੀ ਦੇ ਦਮ ਤੇ ਰਾਜ-ਭਾਗ ਪ੍ਰਾਪਤ ਕਰ ਲੈਂਦਾ ਹੈ।

'ਜਾਨੀ ਚੋਰ' ਲੋਕ ਕਹਾਣੀ ਵਿਚ ਮੈਹਕਦੇ ਨੂੰ ਰਾਜੇ ਦੇ ਚੁੰਗਲ ਵਿਚੋਂ ਛੁਡਵਾਉਣ ਲਈ ਜਾਨੀ ਨੇ ਤਰ੍ਹਾਂ-ਤਰ੍ਹਾਂ ਦੇ ਬੌਧਿਕ ਤਰੀਕੇ ਵਰਤੇ ਤੇ ਅੰਤ ਰਾਜੇ ਨੂੰ ਚਲਾਕੀ ਨਾਲ ਮਾਰ ਕੇ ਉਹ ਮੈਹਕਦੇ ਨੂੰ ਛੁਡਵਾ ਲੈਂਦਾ ਹੈ।

ਧਰਮ ਨੇ ਪੰਜਾਬੀ ਸਭਿਆਚਾਰ ਨੂੰ ਹਮੇਸ਼ਾਂ ਤੋਂ ਹੀ ਪ੍ਰਭਾਵਿਤ ਕੀਤਾ ਹੈ। ਧਰਮ ਸਭਿਆਚਾਰ ਦੀਆਂ ਬੁਨਿਆਦੀ ਸੰਸਥਾਵਾਂ ਵਿਚੋਂ ਇਕ ਹੈ ਜੋ ਕਿਸੇ ਵੀ ਸਭਿਆਚਾਰ ਦੇ ਪ੍ਰਤੀਮਾਨਾਂ ਨੂੰ ਨਿਰਧਾਰਤ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਪੰਜਾਬੀ ਸਭਿਆਚਾਰ ਦੇ ਸੰਬੰਧ ਵਿਚ ਧਰਮ ਦੀ ਭੂਮਿਕਾ ਨੂੰ ਸਮਝਣਾ ਥੋੜ੍ਹਾ ਕਠਿਨ ਹੈ ਕਿਉਂਕਿ ਪੰਜਾਬੀ ਮਾਨਸਿਕਤਾ ਕਿਸੇ ਇਕ ਸੰਸਥਾਗਤ ਧਰਮ ਨਾਲ਼ ਜੁੜ ਕੇ ਨਹੀਂ ਰਹਿ ਸਕਦੀ। ਪੰਜਾਬੀ ਸਭਿਆਚਾਰ ਦੀਆਂ ਜੜ੍ਹਾਂ ਵਿਚ ਲੋਕ ਧਰਮ ਦੀ ਵਿਸ਼ੇਸ਼ ਥਾਂ ਹੈ। ਲੋਕ ਕਹਾਣੀਆਂ ਵਿਚੋਂ ਧਰਮ ਦੇ ਨਕਸ਼ ਪਛਾਣਨ ਤੇ ਇਹ ਪਤਾ ਲੱਗਦਾ ਹੈ ਕਿ ਲੋਕ ਧਰਮ ਦੀ ਅਧਾਰਭੂਤ ਰੰਗਤ ਵਾਲ਼ੇ ਹਿੰਦੂ ਧਰਮ ਨਾਲ਼ ਸੰਬੰਧਤ ਹਵਾਲਿਆਂ ਦੀ ਭਰਮਾਰ ਹੈ। ਜ਼ਿਆਦਾਤਰ ਲੋਕ ਕਹਾਣੀਆਂ 'ਪੰਡਤ' ਦੇ ਗਿਆਨ, ਕਲਾ, ਤੇ ਬੌਧਿਕ ਚੁਤਰਾਈ ਦੁਆਲ਼ੇ ਘੁੰਮਦੀਆਂ ਹਨ। 'ਰਾਜਾ ਤੇ ਅਸ਼ਟਵਕਰ', 'ਗੁਰੂ ਦ੍ਰਾਰਨਾ', 'ਦ੍ਰਰਮ ਕੀ ਜੜ੍ਹ ਅ੍ਰਰੀ ਹੋ' ਆਦਿ ਲੋਕ ਕਹਾਣੀਆਂ ਵਿਚ ਪੰਡਤ ਦਾ ਪਾਤਰ ਕੇਂਦਰੀ ਭੂਮਿਕਾ ਵਿਚ ਹੈ। ਇਨ੍ਹਾਂ ਕਹਾਣੀਆਂ ਵਿਚ ਪੰਡਤ ਦੇ ਕਾਰਜਾਂ ਦੁਆਰਾ ਲੋਕ ਕਹਾਣੀ ਦੇ ਉਦੇਸ਼ ਦੀ ਪੂਰਤੀ ਕੀਤੀ ਜਾਂਦੀ ਹੈ।

ਹਿੰਦੂ ਧਰਮ ਦੇ ਦੇਵੀ-ਦੇਵਤਿਆਂ ਦੀਆਂ ਮਿਥਹਾਸਿਕ ਸ਼ਕਤੀਆਂ ਨੂੰ ਅਧਾਰ ਬਣਾ ਕੇ ਵੀ ਲੋਕ ਕਹਾਣੀਆਂ ਸਿਰਜੀਆਂ ਗਈਆਂ ਹਨ। 'ਗੰਗਾ' ਤੇ 'ਅਮਰਫ਼ਲ' ਲੋਕ ਕਹਾਣੀਆਂ ਦਾ ਬਿਰਤਾਂਤ ਦੇਵੀ/ਦੇਵਤਿਆਂ ਦੁਆਲੇ ਸਿਰਜਿਆ ਗਿਆ ਹੈ।

ਔੜ੍ਹ ਆ ਕੈ ਸ਼ਿਬਜੀ ਕਾ ਬ੍ਰਜਨ ਕਰਨ ਲਾਗ ਗਿਆ। ਸ਼ਿਬਜੀ ਉਸ ਕੀ ਬ੍ਰਗਤੀ ਤੈ ਖੁਸ਼ ਹੋ ਕੈ ਉਸ ਲਬੈ ਆਇਆ, ਕ੍ਹੈਣ ਲਾਗਿਆ. "ਬੋਲ ਬ੍ਰਗਤ ਕੇ ਮਾਂਗੈ?"

*"ਮੈਂ ਗੰਗਾ ਲਿਆਣੀ ਚਾਹੂੰ ਮ੍ਰਿਤ ਲੋਕ ਮੈ, ਪਰ ਗੰਗਾ ਕੈਅ ਮੈਂ ਫੇਰ ਜਾਊਂਗੀ ਪੈਹਲਾਂ ਓਹਟਣੀਆ ਲਿਆ।"* [17]

ਉਪਰੋਕਤ ਲੋਕ ਕਹਾਣੀਆਂ ਵਿਚ ਜਿੱਥੇ ਹਿੰਦੂ ਦੇਵੀ/ਦੇਵਤਿਆਂ ਤੇ ਪੰਡਤ ਦੁਆਲੇ ਸਿਰਜੇ ਬਿਰਤਾਂਤ ਮਿਲਦੇ ਹਨ ਉੱਥੇ ਇਨ੍ਹਾਂ ਲੋਕ ਕਹਾਣੀਆਂ ਵਿਚੋ ਲੋਕ ਧਰਮ ਦੇ ਹਵਾਲੇ ਵੀ ਮਿਲਦੇ ਹਨ। 'ਰਮਦਾਸ ਬ੍ਹਗਤ' ਪੂਰੀ ਲੋਕ ਕਹਾਣੀ ਲੋਕ ਮਾਨਸ ਵਿਚ ਵਸੇ ਰਵਿਦਾਸ ਭਗਤ ਦੇ ਬਿੰਬ ਨੂੰ ਉਜਾਗਰ ਕਰਦੀ ਹੈ। ਇਸ ਤੋਂ ਇਲਾਵਾ ਕਿਤੇ-ਕਿਤੇ ਸਾਧ ਪਰੰਪਰਾ ਦੇ ਨਕਸ਼ ਵੀ ਉਭਰਦੇ ਹਨ।

ਇਨ੍ਹਾਂ ਲੋਕ ਕਹਾਣੀਆਂ ਵਿਚੋਂ ਉਭਰਦੇ ਧਰਮ ਦੇ ਨਕਸ਼ਾਂ ਨੂੰ ਉਨ੍ਹਾਂ ਦੇ ਕਾਰਜੀ ਪੱਧਰ 'ਤੇ ਵਿਚਾਰਨ ਤੇ ਪਤਾ ਲੱਗਦਾ ਹੈ ਕਿ ਕਿਵੇਂ ਇਹ ਧਾਰਮਿਕ ਸੰਸਥਾਵਾਂ ਸਮਾਜਿਕ ਪ੍ਰਤੀਮਾਨਾਂ ਦੀ ਸਿਰਜਣਾ ਕਰਨ ਵਿਚ ਆਪਣਾ ਯੋਗਦਾਨ ਦਿੰਦੀਆਂ ਹਨ। ਪੰਡਤ ਇਨ੍ਹਾਂ ਕਹਾਣੀਆਂ ਦੇ ਕੇਂਦਰ ਵਿਚ ਹੋਣ ਦਾ ਕਾਰਨ ਹੈ ਕਿ ਉਹ ਸਮਾਜ ਵਿਚ ਵੀ ਕੇਂਦਰੀ ਭੂਮਿਕਾ ਵਿਚ ਹੋਵੇਗਾ। ਰਾਜੇ/ਰਾਣੀਆਂ ਦੁਆਰਾ ਪੰਡਤ ਨੂੰ ਖੁਸ਼ ਕਰਨ ਲਈ ਹਰ ਤਰ੍ਹਾਂ ਦੇ ਹੀਲ-ਵਸੀਲੇ ਵਰਤੇ ਜਾਂਦੇ ਹਨ ਕਿਉਂਕਿ ਉਸ ਨੂੰ ਧਰਮ ਦਾ ਅਜਿਹਾ ਪੈਰੋਕਾਰ ਮੰਨਿਆ ਗਿਆ ਹੈ ਜੋ ਨਰਾਜ਼ ਹੋਣ ਤੇ ਰਾਜ-ਦਰਬਾਰ ਨੂੰ ਭਸਮ ਕਰਨ ਦੀ ਸਮਰੱਥਾ ਰੱਖਦਾ ਹੈ। ਪੰਡਤ ਦੇ ਸ਼ਰਾਪ ਤੋਂ ਬਚਣ ਲਈ ਉਸ ਦੇ ਬੋਲ ਪੁਗਾਏ ਜਾਂਦੇ ਹਨ। ਪੰਡਤ ਦੇ ਅਜਿਹੇ ਪ੍ਰਭਾਵ ਬਾਰੇ 'ਏਕ ਦ੍ਰਰਮਾਤਮਾ ਰਾਜਾ', 'ਅਮਰ ਫ਼ਲ', 'ਦ੍ਰਰਮ ਕੀ ਜੜ੍ਹ ਅ੍ਰਰੀ ਹੋ' ਆਦਿ ਲੋਕ ਕਹਾਣੀਆਂ ਵਿਚੋਂ ਵੀ ਪਤਾ ਲੱਗਦਾ ਹੈ। 'ਏਕ ਦ੍ਰਰਮਾਤਮਾ ਰਾਜਾ' ਲੋਕ ਕਹਾਣੀ ਵਿਚ ਰਾਜਾ ਆਪਣਾ ਸਾਰਾ ਰਾਜ ਪੰਡਤ ਨੂੰ ਦਾਨ ਕਰ ਦਿੰਦਾ ਹੈ। ਇਨ੍ਹਾਂ ਲੋਕ ਕਹਾਣੀਆਂ ਦੇ ਬਿਰਤਾਂਤ ਤੋਂ ਪਤਾ ਲੱਗਦਾ ਹੈ ਕਿ ਕਿਵੇਂ ਧਰਮ ਸੱਤਾ ਤੇ ਆਪਣਾ ਦਬਦਬਾ ਕਾਇਮ ਕਰਦਾ ਹੈ।

## *ਹਵਾਲੇ ਅਤੇ ਟਿੱਪਣੀਆਂ*


1. *ਗੌੜ, ਈਸ਼ਵਰ ਦਿਆਲ (2016) ਫਰੀਦਾ ਖਾਕੁ ਨ ਨਿੰਦੀਐ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੰਨਾ: 33.*
2. *-ਉਹੀ-, ਪੰਨੇ: 4-5.*
3. *ਔਲਖ, ਜਗਦੇਵ ਸਿੰਘ (ਮਈ 2011) "ਪੱਗ : ਸਮਾਜ-ਸਭਿਆਚਾਰਕ ਅਧਿਐਨ", ਪੰਜਾਬੀ ਦੁਨੀਆ, ਪੰਨਾ: 47.*
4. *ਹਰਕੇਸ਼ ਸਿੰਘ ਕਹਿਲ, ਪੰਜਾਬੀ ਵਿਰਸਾ ਕੋਸ਼, ਪੰਨਾ: 326.*
5. *ਗੁਰਧਿਆਨ ਸਿੰਘ (2020) 'ਬਾਤਾਂ ਘੱਗਰ ਦੇਸ ਦੀਆਂ',ਨੈਸ਼ਨਲ ਬੁੱਕ ਟਰੱਸਟ, ਇੰਡੀਆ, ਨਵੀਂ ਦਿੱਲੀ, ਪੰਨਾ: 35.*
6. *ਤਜਿੰਦਰਪਾਲ ਕੌਰ (ਜਨਵਰੀ 2007), "ਪਸ਼ੂ/ਜਨੌਰ ਨਾਲ਼ ਸੰਬੰਧਤ ਲੋਕ ਕਹਾਣੀ ਸ਼ੇਰ ਤੇ ਬ੍ਰਾਹਮਣ ਵਿਚ ਸਮਾਜ-ਸ਼ਾਸਤਰ", ਸਮਦਰਸ਼ੀ ,ਅੰਕ 95, ਪੰਨਾ: 73.*
7. *ਗੁਰਧਿਆਨ ਸਿੰਘ (2020) 'ਬਾਤਾਂ ਘੱਗਰ ਦੇਸ ਦੀਆਂ', ਨੈਸ਼ਨਲ ਬੁੱਕ ਟਰੱਸਟ, ਇੰਡੀਆ, ਨਵੀਂ ਦਿੱਲੀ, ਪੰਨਾ: 82.*
8. *ਡਾ. ਅਮਰਜੀਤ ਕੌਰ (ਜਨਵਰੀ 2012) "ਪੰਜਾਬ ਦੇ ਲੋਕ ਬਿਰਤਾਂਤ: ਕੁਦਰਤ ਤੇ ਸਮਾਜ ਦੇ ਆਪਸੀ ਰਿਸ਼ਤੇ", ਸਭਿਆਚਾਰ ਪੱਤ੍ਰਿਕਾ, ਅੰਕ 10, ਪੰਨਾ: 43.*
9. *ਗੁਰਧਿਆਨ ਸਿੰਘ (2020) 'ਬਾਤਾਂ ਘੱਗਰ ਦੇਸ ਦੀਆਂ', ਨੈਸ਼ਨਲ ਬੁੱਕ ਟਰੱਸਟ, ਇੰਡੀਆ, ਨਵੀਂ ਦਿੱਲੀ, ਪੰਨਾ: 53.*
10. *-ਉਹੀ-, ਪੰਨਾ: 108.*
11. *-ਉਹੀ-, ਪੰਨਾ: 55.*
12. *ਡਾ. ਹਰਜੀਤ ਕੌਰ (ਜਨਵਰੀ 2012), ਪੰਜਾਬੀ ਲੋਕਧਾਰਾ: ਔਰਤ ਦਾ ਅਸਤਿਤਵ, ਸਭਿਆਚਾਰ ਪੱਤ੍ਰਿਕਾ, ਅੰਕ 10, ਪੰਨਾ: 49.*
13. *ਗੁਰਧਿਆਨ ਸਿੰਘ (2020), ਬਾਤਾਂ ਘੱਗਰ ਦੇਸ ਦੀਆਂ', ਨੈਸ਼ਨਲ ਬੁੱਕ ਟਰੱਸਟ, ਇੰਡੀਆ, ਨਵੀਂ ਦਿੱਲੀ, ਪੰਨਾ: 101.*
14. *-ਉਹੀ-, ਪੰਨਾ: 23.*
15. *-ਉਹੀ-, ਪੰਨਾ: 20.*
16. *-ਉਹੀ-, ਪੰਨਾ: 20.*
17. *-ਉਹੀ-, ਪੰਨਾ: 62.*

***Cite this Article-***

*ਡਾ. ਗੁਰਧਿਆਨ ਸਿੰਘ (Dr. Gurdhian Singh), ਪੰਜਾਬੀ ਲੋਕ ਕਹਾਣੀਆਂ ਦਾ ਸਭਿਆਚਾਰਕ ਅਧਿਐਨ ('ਬਾਤਾਂ ਘੱਗਰ ਦੇਸ ਦੀਆਂ' ਪੁਸਤਕ ਦੇ ਸੰਦਰਭ ਵਿਚ) Punjabi Lok Kahanian da sabhiachaarak adhyan ('Battan Ghagar Desh Dian' Pustak de Sandrabh Vich), ਅਰਮਾਨ (ARMAAN), ISSN: 2583-9446 (O), Volume- 4, Issue- 1, January-March 2026, Page: 58-64.*

*Journal URL: www.armaan.org.in*

*DOI: https://doi.org/10.64119/armaan.vol.4.issue1.11*

*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/